# 2:1-22

# ਝੂਠੇ ਗੁਰੂ

ਜੇਕਰ 1 ਅਧਿਆਇ ਵਿਚ ਪਤਰਸ ਦੇ ਨਿਰਦੇਸ਼ ਉਨ੍ਹਾਂ ਝੂਠੇ ਗੁਰੂਆਂ ਨੂੰ ਸੰਬੋਧਿਤ ਕੀਤੇ ਗਏ ਸਨ ਜਿਹੜੇ ਰਸੂਲ ਦੇ ਪਾਠਕਾਂ ਨੂੰ ਤੰਗ ਕਰ ਰਹੇ ਸਨ, ਇਹ ਸੂਖਮ ਸਨ। ਸੰਭਵ ਤੌਰ ਤੇ ਉਸ ਨੇ ਆਪਣੇ ਸ਼ਬਦਾਂ ਨੂੰ ਇਹ ਜਾਣਦੇ ਹੋਏ ਚੁਣਿਆ ਸੀ ਕਿ ਉਹ ਉਨ੍ਹਾਂ ਮੁੱਦਿਆਂ ਨੂੰ ਸੰਬੋਧਿਤ ਕਰਦੇ ਸਨ ਜਿਨ੍ਹਾਂ ਦਾ ਕਲੀਸੀਆ ਸਾਹਮਣਾ ਕਰ ਰਹੀ ਸੀ, ਪਰ ਜਿੱਥੋਂ ਤੱਕ ਉਸ ਦੀ ਸਿੱਖਿਆ ਨੂੰ ਉਨ੍ਹਾਂ ਨਾਲ ਜੋੜਨ ਦੀ ਗੱਲ ਹੈ ਜਿਹੜੇ ਰਸੂਲ ਦਾ ਵਿਰੋਧ ਕਰਦੇ ਸਨ ਤਾਂ ਉਸ ਨੇ ਇਹ ਫ਼ੈਸਲਾ ਆਪਣੇ ਪਾਠਕਾਂ ਤੇ ਛੱਡ ਦਿੱਤਾ ਸੀ। ਇੱਥੇ ਆ ਕੇ ਉਸ ਨੇ ਸੂਖਮਤਾ ਨੂੰ ਇਕ ਪੱਸੇ ਰੱਖ ਦਿੱਤਾ। ਕਲੀਸੀਆ ਵਿਚ ਝੂਠੇ ਗੁਰੂ ਸਨ ਜਿਨ੍ਹਾਂ ਨੇ ਮਸੀਹੀ ਡਾਕਟ੍ਰਿਨ ਨੂੰ ਖ਼ਤਰੇ ਵਿਚ ਪਾ ਦਿੱਤਾ ਸੀ। ਯਹੂਦਾਹ ਦੀ ਪੱਤ੍ਰੀ ਵਿਚ ਵੀ ਗੁਰੂਆਂ ਵਰਣਨ ਇਸੇ ਤਰ੍ਹਾਂ ਕੀਤਾ ਗਿਆ ਹੈ। ਜਦੋਂ ਉਹ ਮੂਲ ਲਿਖਤ ਵਿਚ ਆਉਣਗੇ ਤਾਂ ਅਸੀਂ ਭਾਸ਼ਾਂ ਵਿਚ ਪਾਈਆਂ ਜਾਣ ਵਾਲੀਆਂ ਸਮਾਨਤਾਵਾਂ ਤੇ ਗੌਰ ਕਰਾਂਗੇ।

## ਝੂਠੇ ਗੁਰੂਆਂ ਵਿਰੁੱਧ ਚਿਤਾਵਨੀ (2:1-3)

**[1]ਪਰ ਉਨ੍ਹਾਂ ਲੋਕਾਂ ਵਿੱਚ ਝੂਠੇ ਨਬੀ ਵੀ ਉੱਠੇ ਜਿਵੇਂ ਤੁਹਾਡੇ ਵਿੱਚ ਭੀ ਝੂਠੇ ਗੁਰੂ ਹੋਣਗੇ ਜਿਹੜੇ ਨਾਸ ਕਰਨ ਵਾਲੀਆਂ ਬਿੱਦਤਾਂ ਚੋਰੀ ਅੰਦਰ ਲਿਆਉਣਗੇ ਅਤੇ ਓਸ ਸੁਆਮੀ ਦਾ ਜਿਹ ਨੇ ਉਨ੍ਹਾਂ ਨੂੰ ਮੁੱਲ ਲਿਆ ਸੀ ਇਨਕਾਰ ਕਰ ਕੇ ਛੇਤੀ ਆਪਣਾ ਨਾਸ ਕਰਾਉਣਗੇ। [2]ਅਰ ਬਹੁਤੇ ਉਨ੍ਹਾਂ ਦੇ ਲੁੱਚਪੁਣੇ ਦੇ ਮਗਰ ਲੱਗ ਤੁਰਨਗੇ ਅਤੇ ਉਨ੍ਹਾਂ ਦੇ ਕਾਰਨ ਸਚਿਆਈ ਦੇ ਮਾਰਗ ਦੀ ਬਦਨਾਮੀ ਕੀਤੀ ਜਾਵੇਗੀ। [3]ਅਤੇ ਲੋਭ ਦੇ ਮਾਰੇ ਓਹ ਬਣਾਉਟ ਦੀਆਂ ਗੱਲਾਂ ਨਾਲ ਤੁਹਾਨੂੰ ਖੱਟੀ ਦਾ ਢੰਗ ਬਣਾ ਛੱਡਣਗੇ। ਉਨ੍ਹਾਂ ਉੱਤੇ ਸਜ਼ਾ ਦਾ ਹੁਕਮ ਜਿਹੜਾ ਚਰੋਕਣਾ ਹੀ ਹੋਇਆ ਹੋਇਆ ਹੈ ਢਿੱਲ ਨਹੀਂ ਕਰਦਾ ਅਤੇ ਉਨ੍ਹਾਂ ਦਾ ਨਾਸ ਉਂਘਲਾਉਂਦਾ ਨਹੀਂ।**

**ਆਇਤ 1.** 1 ਅਧਿਆਇ ਦੇ ਅੰਤ ਵਿਚ ਅਤੇ 2 ਅਧਿਆਇ ਦੀ ਸ਼ੁਰੂਆਤ ਵਿਚਕਾਰ ਸਪੱਸ਼ਟ ਅੰਤਰ ਨਹੀਂ ਹੈ। ਪਰਮੇਸ਼ੁਰ ਨੇ ਇਸਰਾਏਲ ਦੇ ਲੋਕਾਂ ਵਿਚ ਨਬੀਆਂ ਨੂੰ ਭੇਜਿਆ। "ਪਵਿੱਤਰ ਆਤਮਾ ਦੇ ਉਕਾਸਣ ਨਾਲ" (1:21), ਉਨ੍ਹਾਂ ਨੇ ਪਰਮੇਸ਼ੁਰ ਦਾ ਸੰਦੇਸ਼ ਬੋਲਿਆ ਅਤੇ ਲਿਖਿਆ, ਪਰ ਇਸਰਾਏਲ ਨੂੰ ਪਤਾ ਲੱਗਾ ਕਿ ਕੁਝ ਮਨੁੱਖ ਜਿਹੜੇ ਪਰਮੇਸ਼ੁਰ ਕੋਲੋਂ ਸੰਦੇਸ਼ ਮਿਲਣ ਦਾ ਦਾਅਵਾ ਕਰਦੇ ਸਨ ਆਪਣੇ ਆਪ ਦੀ ਸੇਵਾ ਕਰ ਰਹੇ ਸਨ। ਇਸ ਦੇ ਨਾਲ-ਨਾਲ ਇਹ ਕਿ ਪਰਮੇਸ਼ੁਰ ਦੇ ਨਬੀ ਉਸ ਦੇ ਵਚਨ ਦਾ ਪ੍ਰਚਾਰ ਕਰ ਰਹੇ ਸਨ, ਪਤਰਸ ਨੇ ਟਿੱਪਣੀ ਕੀਤੀ, **ਉਨ੍ਹਾਂ ਲੋਕਾਂ ਵਿੱਚ ਝੂਠੇ ਨਬੀ ਵੀ ਉੱਠੇ**। ਖਾਸ ਕਰਕੇ

ਯਿਰਮਿਯਾਹ ਅਤੇ ਹਿਜ਼ਕੀਏਲ "ਝੂਠੇ ਨਬੀਆਂ" ਨਾਲ ਬਹੁਤ ਜੱਦੋ-ਜਹਿਦ ਕੀਤੀ ਸੀ। ਯਿਰਮਿਯਾਹ ਨੇ ਚਿਤਾਵਨੀ ਦਿੱਤੀ, "ਤੁਸੀਂ ਓਹਨਾਂ ਨਬੀਆਂ ਦੀਆਂ ਗੱਲਾਂ ਨਾ ਸੁਣੋ ਜਿਹੜੇ ਤੁਹਾਡੇ ਲਈ ਅਗੰਮ ਵਾਕ ਬੋਲਦੇ ਹਨ। ਓਹ ਵਿਅਰਥ ਦੱਸਦੇ ਹਨ, ਓਹ ਆਪਣੇ ਦਿਲ ਦੇ ਦਰਸ਼ਣ ਦੱਸਦੇ ਹਨ ਪਰ ਓਹ ਯਹੋਵਾਹ ਦੇ ਮੂੰਹੋਂ ਨਹੀਂ ਬੋਲਦੇ ਹਨ" (ਯਿਰਮਿਯਾਹ 23:16)।

ਕਿਉਂਕਿ ਇਸਰਾਏਲ ਦੇ "ਲੋਕਾਂ ਵਿੱਚ ਝੂਠੇ ਨਬੀ" ਸਨ, ਇਸ ਗੱਲ ਤੋਂ ਕੋਈ ਹੈਰਾਨਗੀ ਨਹੀਂ ਹੋਣੀ ਚਾਹੀਦੀ ਕਿ ਪਤਰਸ ਦੇ ਪਹਿਲੇ ਪਾਠਕਾਂ ਵਿਚ **ਝੂਠੇ ਗੁਰੂ ਵੀ** ਹੋਣਗੇ। ਇਕ "ਝੂਠੇ ਨਬੀ" ਅਤੇ ਇਕ "ਝੂਠੇ ਗੁਰੂ" ਵਿਚਕਾਰ ਫ਼ਰਕ ਅਸਪੱਸ਼ਟ ਹੈ। ਸ਼ਾਇਦ ਰਸੂਲ "ਨਬੀ" ਸ਼ਬਦ ਨਾਲ ਆਪਣੇ ਵਿਰੋਧੀਆਂ ਦੀ ਸ਼ਾਨ ਨੂੰ ਵਧਾਉਣਾ ਨਹੀਂ ਸੀ ਚਾਹੁੰਦਾ ਭਾਵੇਂ ਕਿ ਉਨ੍ਹਾਂ ਦੇ ਨਾਂਅ ਤੋਂ ਪਹਿਲਾਂ "ਝੂਠੇ" ਲੱਗਦਾ ਸੀ। ਇਸ ਸਮੇਂ ਦੋ ਨਿਰੀਖਣ ਮਹੱਤਵਪੂਰਣ ਹਨ। ਪਹਿਲਾ, ਅਕਸਰ ਸਭ ਤੋਂ ਮੁਸ਼ਕਲ ਜੱਦੋ-ਜਹਿਦਾਂ ਜਿਨ੍ਹਾਂ ਦਾ ਕਲੀਸੀਆ ਦੁਆਰਾ ਸਾਹਮਣਾ ਕੀਤਾ ਗਿਆ ਸੀ ਉਨ੍ਹਾਂ ਦੇ ਆਪਣੇ ਲੋਕਾਂ ਵੱਲੋਂ ਆਇਆ ਸੀ। ਪੌਲੁਸ ਦੀਆਂ ਪੱਤ੍ਰੀਆਂ ਵਿਚ ਵਿਸ਼ੇਸ਼ ਤੌਰ ਤੇ ਇੰਜੀਲ ਦੇ ਪ੍ਰਚਾਰ, ਮੰਡਲੀ ਵਿਚ ਜੋ ਕੁਝ ਹੁੰਦਾ ਹੈ, ਜਾਂ ਮਿਲ ਕੇ ਕੀਤੇ ਜਾਣ ਵਾਲੇ ਉਪਕਾਰ ਵਾਲੇ ਕੰਮ, ਜਿੰਨੀਆਂ ਵੀ ਇਹੋ ਜਿਹੀਆਂ ਚੀਜ਼ਾਂ ਮਹੱਤਵਪੂਰਣ ਹਨ ਉਨ੍ਹਾਂ ਬਾਰੇ ਕਹਿਣ ਲਈ ਬਹੁਤ ਘੱਟ ਹੈ। ਬਜਾਇ ਇਸ ਦੇ, ਉਸ ਦੀਆਂ ਪੱਤ੍ਰੀਆਂ ਦੋ ਖੇਤਰਾਂ ਤੇ ਕੇਂਦਰਿਤ ਹੁੰਦੀਆਂ ਹਨ: ਮਸੀਹੀ ਨਿਹਚਾ ਦੀਆਂ ਵੱਡੀਆਂ ਡਾਕਟ੍ਰਿਨਸ ਅਤੇ ਉਸ ਦੇ ਵਿਰੋਧੀਆਂ ਦੁਆਰਾ ਇਨ੍ਹਾਂ ਡਾਕਟ੍ਰਿਨਸ ਨੂੰ ਦਿੱਤੀਆਂ ਜਾਣ ਵਾਲੀਆਂ ਚੁਣੌਤੀਆਂ। ਕਲੀਸੀਆ ਮਸੀਹੀ ਡਾਕਟ੍ਰਿਨ ਅਤੇ ਵਿਹਾਰ ਦੀਆਂ ਈਮਾਨਦਾਰੀ ਨੂੰ ਬਰਕਰਾਰ ਰੱਖਣ ਲਈ ਕਦੇ ਨਾ ਖਤਮ ਹੋਣ ਵਾਲੇ ਜੱਦੋ-ਜਹਿਦ ਦਾ ਸਾਹਮਣਾ ਕਰਦੀ ਹੈ। ਆਪਣੇ ਹੱਥਾਂ ਨੂੰ ਮਲਨ ਅਤੇ ਉਨ੍ਹਾਂ "ਝੂਠੇ ਗੁਰੂਆਂ" ਦੀ ਮੌਜੂਦਗੀ ਜਾਂ ਅਨੈਤਿਕ ਚਰਿੱਤਰਾਂ ਤੇ ਜਿਹੜੇ ਮਸੀਹ ਦੇ ਨਾਮ ਨੂੰ ਪਹਿਨਣਾ ਚਾਹੁੰਦੇ ਹਨ ਰੋਣ ਪਿੱਟਣ ਨਾਲ ਮਸੀਹੀ ਲੋਕਾਂ ਦਾ ਕੁਝ ਵੀ ਭਲਾ ਨਹੀਂ ਹੋਵੇਗਾ। ਜਿਵੇਂ ਕਿ ਅੰਗਰੇਜ਼ ਲੋਕ ਕਹਿੰਦੇ ਹਨ, ਵਿਸ਼ਵਾਸੀਆਂ ਨੂੰ "ਆਪਣੇ ਕੰਮ ਅਤੇ ਵਿਹਾਰ ਨੂੰ ਸੁਧਾਰਣ ਦਾ ਜਤਨ ਕਰਨ" ਅਤੇ ਸਚਿਆਈ ਦੀ ਸਿੱਖਿਆ ਦੇਣ ਅਤੇ ਪ੍ਰਚਾਰ ਕਰਦੇ ਰਹਿਣ ਦੀ ਲੋੜ ਹੈ।

ਦੂਜਾ, ਮਸੀਹੀ ਲੋਕਾਂ ਦੇ ਆਦਰਸ਼ ਉਨ੍ਹਾਂ ਨੂੰ ਵਿਸ਼ੇਸ਼ ਕਰਕੇ ਉਨ੍ਹਾਂ ਅੱਗੇ ਕਮਜ਼ੋਰ ਬਣਾ ਦਿੰਦੇ ਹਨ ਜਿਹੜੇ ਉਨ੍ਹਾਂ ਦਾ ਸ਼ੋਸ਼ਣ ਕਰਨਾ ਚਾਹੁੰਦੇ ਹਨ। ਪ੍ਰਭੂ ਨੇ ਆਪਣੇ ਚੇਲਿਆਂ ਨੂੰ ਚੰਗੇ ਲੋਕ ਬਣਨ, ਦੂਜਿਆਂ ਬਾਰੇ ਉੱਤਮ ਸੋਚਣ, ਆਪਣੇ ਆਪ ਨੂੰ ਜਾਂਚਣ ਅਤੇ ਪਰਦੇਸੀਆਂ ਅਤੇ ਮਿੱਤਰਾਂ ਨਾਲ ਦਿਆਲਗੀ ਅਤੇ ਆਦਰ ਨਾਲ ਇੱਕੋ ਜਿਹਾ ਵਿਹਾਰ ਕਰਨਾ ਸਿਖਾਇਆ ਹੈ। ਕਲੀਸੀਆ ਦੇ ਆਰੰਭਕ ਦਿਨਾਂ ਤੋਂ, ਇਹੋ ਜਿਹੇ ਪਖੰਡੀ ਲੋਕ ਹੋਏ ਹਨ ਜਿਨ੍ਹਾਂ ਨੇ ਮਸੀਹੀ ਲੋਕਾਂ ਦੇ ਭਰੋਸੇ ਅਤੇ ਦਾਨ ਦਾ ਸ਼ਿਕਾਰ ਕੀਤਾ ਹੈ।[1] ਜਦੋਂ ਸਿਰਫ ਪੈਸਾ ਹੀ ਸ਼ਾਮਲ ਹੁੰਦਾ ਹੈ, ਚੇਲੇ ਉਦਾਰਤਾ ਪੱਖੋਂ ਗਲਤੀ ਕਰਨਾ ਚੁਣ ਸਕਦੇ ਹਨ, ਸਗੋਂ ਤਦ ਵੀ ਜਦੋਂ ਉਨ੍ਹਾਂ ਨੂੰ ਸ਼ੱਕ ਹੁੰਦਾ ਹੈ ਕਿ ਉਨ੍ਹਾਂ ਦਾ ਸ਼ੋਸ਼ਣ ਹੋ ਰਿਹਾ ਹੈ।[2] ਫਿਰ ਵੀ, ਹੋਰ ਵੀ ਬਹੁਤ ਸਾਰੇ ਤਰੀਕੇ ਹਨ ਜਿਨ੍ਹਾਂ ਨਾਲ ਲੋਕ ਕਲੀਸੀਆ ਦੀ ਭਲਿਆਈ ਤੇ ਦਬਾਅ ਪਾ ਸਕਦੇ ਹਨ। ਚੇਲਿਆਂ ਵਿਚ ਉਹ ਲੋਕ ਵੀ ਘੁਸਪੈਠ ਕਰ ਸਕਦੇ ਹਨ ਜਿਹੜੇ ਨਿੱਜੀ ਅਧਿਕਾਰ ਚਾਹੁੰਦੇ ਹਨ ਜਾਂ ਉਨ੍ਹਾਂ ਦੁਆਰਾ ਵੀ ਘੁਸਪੈਠ ਕੀਤੀ ਜਾ ਸਕਦੀ ਹੈ ਜਿਨ੍ਹਾਂ ਦੀਆਂ ਨਿੱਜੀ ਮੱਤ ਬਾਈਬਲ ਦੀ ਸਿੱਖਿਆ ਦਾ ਇਨਕਾਰ ਕਰਦੇ ਹਨ। ਯਿਸੂ ਨੇ ਕਿਹਾ ਹੈ ਕਿ ਉਸ ਦੇ ਲੋਕ ਵਿਸ਼ੇਸ਼ ਕਰਕੇ

ਇਕ ਦੂਜੇ ਲਈ ਉਨ੍ਹਾਂ ਦੇ ਪ੍ਰੇਮ ਦੁਆਰਾ ਜਾਣੇ ਜਾਣਗੇ (ਯੂਹੰਨਾ 13:35)। ਵਿਸ਼ਵਾਸੀਆਂ ਨੂੰ ਇਸ ਨਿਰਦੇਸ਼ ਦਾ ਆਦਰ ਕਰਨਾ ਚਾਹੀਦਾ ਹੈ। ਇਸੇ ਕਾਰਣ, ਇਹ ਮੁਸ਼ਕਲ ਹੁੰਦਾ ਹੈ ਜਦੋਂ ਉਨ੍ਹਾਂ ਦੇ ਲਈ ਉਨ੍ਹਾਂ ਦੇ ਵਿਰੁੱਧ ਖੜ੍ਹੇ ਹੋਣਾ ਜ਼ਰੂਰੀ ਹੁੰਦਾ ਹੈ ਜਿਹੜੇ ਮਸੀਹ ਦੇ ਪ੍ਰਤੀ ਵਫ਼ਾਦਾਰੀ ਦਾ ਦਾਅਵਾ ਕਰਦੇ ਹਨ ਪਰ ਜਿਨ੍ਹਾਂ ਦੀਆਂ ਗੱਲਾਂ ਅਤੇ ਚਾਲ-ਚਲਨ ਪ੍ਰਭੂ ਦਾ ਇਨਕਾਰ ਕਰਦਾ ਹੈ।

ਅਸੀਂ ਇਹ ਜਾਣਨਾ ਚਾਹਾਂਗੇ ਕਿ 2 ਪਤਰਸ ਵਿਚ "ਝੂਠੇ ਗੁਰੂ" ਕਿਉਂ ਖ਼ਤਰਨਾਕ ਸਨ, ਪਤਰਸ ਕਿਉਂ ਬਹੁਤ ਜ਼ਿਆਦਾ ਉਨ੍ਹਾਂ ਦੇ ਵਿਰੋਧ ਵਿਚ ਸੀ, ਪਰ ਰਸੂਲ ਨੇ ਉਸ ਦੇ ਬਾਰੇ ਬਹੁਤ ਥੋੜ੍ਹਾ ਜਿਹਾ ਕਿਹਾ ਜੋ ਅਸਲ ਵਿਚ ਉਨ੍ਹਾਂ ਨੇ ਸਿਖਾਇਆ ਸੀ। ਉਸ ਨੇ ਕਿਹਾ ਸੀ ਉਹ ਇਹ ਸੀ ਕਿ ਉਨ੍ਹਾਂ ਨੇ **ਨਾਸ ਕਰਨ ਵਾਲੀਆਂ ਬਿੱਦਤਾਂ ਚੋਰੀ ਅੰਦਰ ਲਿਆਉਣ** ਲਈ ਧੋਖੇਬਾਜ਼ੀ ਵਾਲੇ, ਗੁਪਤ ਸਾਧਨਾਂ ਦਾ ਇਸਤੇਮਾਲ ਕੀਤਾ ਸੀ। ਬਿੱਦਤ ਇਕ ਵੰਡ ਪਾਉਣ ਵਾਲੀ ਅਤੇ ਝੂਠੀ ਸਿੱਖਿਆ ਹੈ ਜੋ ਮਸੀਹੀ ਨਿਹਚਾ ਨੂੰ ਖੋਖਲਾ ਕਰ ਦਿੰਦੀ ਹੈ। ਇਕ ਭਾਵ ਵਿਚ, "ਨਾਸ ਕਰਨ ਵਾਲੀਆਂ ਬਿੱਦਤਾਂ" ਵਿਅਰਥ ਹਨ। ਬਿੱਦਤ ਆਪਣੇ ਸੁਭਾਅ ਤੋਂ ਨਾਸ ਕਰਨ ਵਾਲੀ ਹੁੰਦੀ ਹੈ। ਇਹ ਕਲੀਸੀਆ ਅਤੇ ਸੰਸਾਰ ਦੋਹਾਂ ਦੇ ਲਈ ਨਾਸ ਕਰਨ ਵਾਲੀ ਹੁੰਦੀ ਹੈ ਜਿਸ ਤੱਕ ਕਲੀਸੀਆ ਮਸੀਹ ਦੇ ਸੰਦੇਸ਼ ਨਾਲ ਪਹੁੰਚਣਾ ਚਾਹੁੰਦੀ ਹੈ।

"ਝੂਠੇ ਗੁਰੂਆਂ" ਦੀਆਂ ਨਾਸ ਕਰਨ ਵਾਲੀਆਂ ਡਾਕਟ੍ਰਿਨਾਂ ਜਿਨ੍ਹਾਂ ਦਾ ਪਤਰਸ ਨੇ ਸਾਹਮਣਾ ਕੀਤਾ ਸੀ ਵਿਸ਼ੇਸ਼ ਤੌਰ ਤੇ ਹਾਨੀਕਾਰਕ ਸਨ। ਉਹ ਉਸ **ਸੁਆਮੀ ਦਾ ਜਿਹ ਨੇ ਉਨ੍ਹਾਂ ਨੂੰ ਮੁੱਲ ਲਿਆ ਸੀ ਇਨਕਾਰ ਕਰਨ** ਦੀ ਹੱਦ ਤੱਕ ਪਹੁੰਚ ਗਏ ਸਨ। ਕਿਸ ਭਾਵ ਵਿਚ ਉਨ੍ਹਾਂ ਨੇ ਉਸ ਦਾ ਇਨਕਾਰ ਕੀਤਾ ਸੀ? ਪਿਛਲੇ ਅਧਿਆਇ ਵਿਚ ਰਸੂਲ ਨੇ ਦਾਅਵਾ ਕੀਤਾ ਸੀ ਯਿਸੂ ਦੇ ਰੂਪ ਬਦਲਣ ਦੀਆਂ ਘਟਨਾਵਾਂ ਪਰਮੇਸ਼ੁਰ ਵੱਲੋਂ ਇਹ ਕਹਿੰਦੇ ਹੋਏ ਇਕ ਅਵਾਜ਼ ਨਾਲ ਸਿਖਰ ਤੇ ਪਹੁੰਚੀਆਂ ਸਨ ਕਿ "ਇਹ ਮੇਰਾ ਪਿਆਰਾ ਪੁੱਤ੍ਰ ਹੈ।" ਯਿਸੂ ਦਾ ਪੁੱਤਰਪਣ ਅਤੇ ਇਸ ਲਈ ਉਸ ਦਾ ਇਲਾਹੀਪਣ, ਸਮੱਸਿਆ ਵਿਚ ਪ੍ਰਤੀਤ ਹੰਦੀ ਹੈ। ਪਤਰਸ ਲਈ, ਮਸੀਹ ਦਾ ਇਲਾਹੀਪਣ ਝਗੜੇ ਤੋਂ ਪਾਰ ਸੀ। ਇਹ ਸਿੱਟਾ ਕੱਢਣਾ ਯੋਗ ਹੈ ਕਿ "ਝੂਠੇ ਗੁਰੂਆਂ" ਨੇ ਪ੍ਰਭੂ ਦੇ ਪੂਰਣ ਇਲਾਹੀਪਣ ਜਾਂ ਸ਼ਾਇਦ ਪੂਰਣ ਮਨੁੱਖਤਾ ਦਾ ਇਨਕਾਰ ਕੀਤਾ ਸੀ; ਪਰ ਇਸ ਤੋਂ ਇਲਾਵਾ ਅਸੀਂ ਥੋੜ੍ਹਾ ਹੀ ਕਹਿ ਸਕਦੇ ਹਾਂ।

ਸਾਡੀ ਉਤਸੁਕਤਾ ਖਿੱਚ ਜਾਂਦੀ ਹੈ। ਜੇਕਰ "ਝੂਠੇ ਗੁਰੂਆਂ" ਨੇ ਯਿਸੂ ਦੇ ਇਲਾਹੀਪਣ ਦਾ ਇਨਕਾਰ ਕੀਤਾ ਸੀ, ਤਾਂ ਉਹ ਕੀ ਵਿਸ਼ਵਾਸ ਕਰਦੇ ਸਨ ਕਿ ਉਹ ਕੌਣ ਹੈ ਜਾਂ ਉਸ ਨੇ ਕੀ ਕੀਤਾ ਸੀ? ਕੀ ਇਕ ਸਮਝਦਾਰ ਗੁਰੂ? ਇਕ ਸੁਰਗ ਦੂਤ ਕੁਝ ਗੱਲਾਂ ਵਿਚ ਇਲਾਹੀ ਪਰ ਹਰ ਗੱਲ ਵਿਚ ਨਹੀਂ? ਪਤਰਸ ਨੇ ਇਹ ਨਹੀਂ ਕਿਹਾ। ਰਸੂਲ ਦੇ ਲਈ ਮਸੀਹ ਦੇ ਇਲਾਹੀਪਣ ਦਾ ਇਨਕਾਰ ਕਰਨਾ ਇਹ ਇਨਕਾਰ ਕਰਨਾ ਸੀ ਕਿ ਉਸ ਨੇ "ਉਨ੍ਹਾਂ ਨੂੰ ਮੁੱਲ ਲਿਆ" ਸੀ। ਇਹ ਬਹੁਤ ਹੀ ਦਿਲਚਸਪ ਹੈ ਕਿ 2 ਪਤਰਸ ਵਿਚ ਯਿਸੂ ਦੀ ਮੌਤ ਦਾ ਇਹ ਇਕਮਾਤਰ ਹਵਾਲਾ ਹੈ ਅਤੇ ਇਹ ਅਸਿੱਧਾ ਹੈ। ਫਿਰ ਵੀ ਮਸੀਹ ਦੇ ਲਹੂ ਦੀ ਛੁਟਕਾਰਾ ਦੇਣ ਵਾਲੀ ਸਮਰੱਥਾ ਮੁੱਦੇ ਦੀ ਗੱਲ ਹੈ ਜਦੋਂ ਪਤਰਸ ਨੇ ਕਿਹਾ ਕਿ ਪ੍ਰਭੂ ਨੇ ਉਨ੍ਹਾਂ ਨੂੰ ਮੁੱਲ ਲਿਆ ਸੀ। ਉਸ ਨੇ ਉਨ੍ਹਾਂ ਨੂੰ ਉਸ ਦੇ ਆਪਣੇ ਲਹੂ ਨਾਲ ਮੁੱਲ ਲਿਆ ਸੀ। ਛੁਟਕਾਰੇ ਜਾਂ ਮੁੱਲ ਲੈਣ ਲਈ (ἀγοράζω, *ਅਗੋਰਾਜ਼ੋ*) ਇੱਥੇ ਜਿਹੜੀ ਕਿਰਿਆ ਵਰਤੀ ਗਈ ਹੈ ਉਹੋ ਕਿਰਿਆ 1 ਕੁਰਿੰਥੀਆਂ 6:20 ਅਤੇ 7:23 ਵਿਚ ਵਰਤੀ ਗਈ ਹੈ। ਉਨ੍ਹਾਂ ਉਦਾਹਰਣਾਂ ਵਿਚ, ਮੁੱਲ ਲੈਣ ਨੂੰ ਸਪੱਸ਼ਟ ਤੌਰ ਤੇ ਸਲੀਬ ਉੱਤੇ ਵਹਾਏ ਗਏ ਯਿਸੂ ਦੇ ਲਹੂ ਨਾਲ ਜੋੜਿਆ ਗਿਆ

ਹੈ। 2 ਪਤਰਸ ਵਿਚ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦਾ ਕੋਈ ਜ਼ਿਕਰ ਨਹੀਂ ਹੈ, ਪਰ ਜੀ ਉੱਠਿਆ ਪ੍ਰਭੂ ਹੀ ਹੈ ਜਿਹੜਾ ਰਾਜ ਕਰਦਾ ਹੈ। ਸੰਭਵ ਤੌਰ ਤੇ "ਝੂਠੇ ਗੁਰੂਆਂ" ਨੇ ਇਸ ਗੱਲ ਦਾ ਇਨਕਾਰ ਕੀਤਾ ਸੀ ਕਿ ਯਿਸੂ ਪਰਮੇਸ਼ੁਰ ਦੇ ਸੱਜੇ ਹੱਥ ਬੈਠ ਕੇ ਰਾਜ ਕਰਦਾ ਸੀ।

ਮੁੱਲ ਲੈਣਾ ਅਤੇ ਛੁਡਾਉਣਾ ਇਕ ਦੂਜੇ ਨਾਲ ਬਹੁਤ ਹੀ ਨੇੜਿਓਂ ਜੁੜੇ ਹੋਏ ਵਿਚਾਰ ਹਨ। ਇਹ ਇਸ ਤਰ੍ਹਾਂ ਸੀ ਜਿਵੇਂ ਕਿ ਪਰਮੇਸ਼ੁਰ ਦਾ ਪਿਆਰਾ ਪੁੱਤ੍ਰ ਯਿਸੂ ਹੀ ਲੋਕਾਂ ਨੂੰ ਪਾਪ ਤੋਂ ਛੁਡਾਉਣ ਦੇ ਯੋਗ ਹੋਇਆ ਸੀ। ਜਦੋਂ "ਝੂਠੇ ਗੁਰੂਆਂ" ਨੇ ਮਸੀਹ ਦੇ ਇਲਾਹੀਪਣ ਦਾ ਇਨਕਾਰ ਕੀਤਾ, ਉਨ੍ਹਾਂ ਨੇ ਉਨ੍ਹਾਂ ਨੂੰ ਮੁੱਲ ਲੈਣ ਲਈ ਉਸ ਦੀ ਸਮਰੱਥਾ ਦਾ ਵੀ ਇਨਕਾਰ ਕੀਤਾ ਸੀ। ਕਿਉਂਕਿ ਉਨ੍ਹਾਂ ਨੇ ਉਸ ਇਕਰਾਰ ਦਾ ਇਨਕਾਰ ਕੀਤਾ ਸੀ ਜੋ ਮਸੀਹੀ ਡਾਕਟ੍ਰਿਨ ਦੇ ਦਿਲ ਦੇ ਨੇੜੇ ਪਿਆ ਹੋਇਆ ਹੈ, "ਝੂਠੇ ਗੁਰੂ" **ਛੇਤੀ ਆਪਣਾ ਨਾਸ ਲਿਆ ਰਹੇ ਸਨ**। ਪਤਰਸ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਨ੍ਹਾਂ ਦੀਆਂ ਸਿੱਖਿਆਵਾਂ "ਨਾਸ ਕਰਨ ਵਾਲੀਆਂ"[3] ਸਨ। ਅਜਿਹੀਆਂ ਸਿੱਖਿਆਵਾਂ ਦੂਜਿਆਂ ਦਾ ਨਾਸ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਉੱਤੇ ਨਾਸ ਨੂੰ ਲੈ ਕੇ ਆਉਂਦੀਆਂ ਹਨ ਜਿਹੜੇ ਉਨ੍ਹਾਂ ਦੀ ਵਕਾਲਤ ਕਰਦੇ ਹਨ। ਜੇਕਰ ਪਤਰਸ ਦੇ ਪਾਠਕ "ਝੂਠੇ ਗੁਰੂਆਂ" ਦੇ ਮਗਰ ਲੱਗ ਜਾਂਦੇ ਤਾਂ ਸੰਭਾਵਨਾ ਇਹ ਹੋਣੀ ਸੀ ਉਨ੍ਹਾਂ ਨੇ ਵੀ "ਛੇਤੀ ਆਪਣੇ ਆਪ ਦਾ ਨਾਸ" ਕਰਾਉਣਾ ਸੀ।

**ਆਇਤ 2.** "ਝੂਠੇ ਗੁਰੂਆਂ" ਦੇ ਚਰਿੱਤਰ ਦਾ ਆਮ ਵਰਣਨ ਪਤਰਸ ਦੀ ਪੱਤ੍ਰੀ ਦੇ ਕੋਰਸ ਵਿੱਚੋਂ ਉਭਰਦਾ ਹੈ, ਭਾਵੇਂ ਕਿ ਉਨ੍ਹਾਂ ਦੀ ਡਾਕਟ੍ਰਿਨਾਂ ਵੱਲ ਥੋੜ੍ਹਾ ਜਿਹਾ ਧਿਆਨ ਹੀ ਕਿਉਂ ਨਾ ਦਿੱਤਾ ਜਾਵੇ। ਰਸੂਲ ਸਮਝ ਗਿਆ ਸੀ ਕਿ ਲੋਕ ਅਕਸਰ ਜੋ ਸੁਣਦੇ ਸਨ ਉਸ ਦੀ ਸਚਿਆਈ ਦਾ ਮੁਲਾਂਕਣ ਉਸ ਵਿਅਕਤੀ ਦੇ ਚਰਿੱਤਰ ਦੇ ਉਨ੍ਹਾਂ ਦੇ ਅੰਦਾਜ਼ੇ ਦੇ ਆਧਾਰ ਤੇ ਕਰਦੇ ਸਨ ਜਿਸ ਨੇ ਉਹ ਗੱਲ ਕਹੀ ਹੁੰਦੀ ਸੀ। ਇਸੇ ਕਰਕੇ ਪਿਛਲੇ ਅਧਿਆਇ ਵਿਚ ਉਸ ਦੇ ਪਰਮਾਣ-ਪੱਤਰਾਂ ਦੀ ਪੁਸ਼ਟੀ ਕੀਤੀ ਸੀ, ਉਸ ਨੇ ਉਨ੍ਹਾਂ ਦੇ ਅੜਬ ਚਰਿੱਤਰ ਨੂੰ ਉਜਾਗਰ ਕੀਤਾ ਸੀ ਜਿਨ੍ਹਾਂ ਨੇ ਉਸ ਦਾ ਵਿਰੋਧ ਕੀਤਾ ਸੀ। ਉਹ ਲੁੱਚਪੁਣੇ ਦੇ ਮਗਰ ਲੱਗ ਤੁਰੇ, ਪਰ 2:19 ਤੋਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਕਿਸੇ ਡਾਕਟ੍ਰਿਨੀਨਲ ਜਾਂ ਸਿਧਾਂਤਕ ਆਧਾਰ ਤੇ ਸਰੀਰਕ ਲਾਲਸਾਵਾਂ ਦੇ ਮਗਰ ਲੱਗਣ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਸੀ। ਸੰਜਮ ਵਰਤਣ ਨਾਲੋਂ ਲਾਲਸਾਵਾਂ ਮਗਰ ਲੱਗਣਾ ਜ਼ਿਆਦਾ ਸੌਖਾ ਹੈ। ਇਹ ਸਮਝਣਾ ਮੁਸ਼ਕਲ ਹੈ ਕਿ ਉਨ੍ਹਾਂ ਦੇ ਗੈਰਕਾਨੂੰਨੀ ਰਾਹਾਂ ਤੇ ਕਿਉਂ **ਬਹੁਤੇ ਉਨ੍ਹਾਂ ਦੇ ਮਗਰ ਲੱਗ ਤੁਰਨਗੇ**।

ਕਲੀਸੀਆ ਵਿਚ ਜਦੋਂ ਹਰਾਮਕਾਰੀ ਨੂੰ ਬਰਦਾਸ਼ਤ ਕੀਤਾ ਜਾਂਦਾ ਹੈ, ਖਾਸ ਕਰਕੇ ਉਦੋਂ ਜਦੋਂ ਇਹ ਉਨ੍ਹਾਂ ਦੁਆਰਾ ਕੀਤੀ ਜਾਂਦੀ ਹੈ ਜਿਹੜੇ ਗੁਰੂ ਹੋਣ ਦਾ ਦਾਅਵਾ ਕਰਦੇ ਹਨ, ਤਾਂ ਇਸ ਦਾ ਨੁਕਸਾਨ ਸਿਰਫ ਗੁਰੂਆਂ ਤੱਕ ਹੀ ਸੀਮਿਤ ਨਹੀਂ ਰਹਿੰਦਾ। ਪੂਰੀ ਦੇਹ ਨੂੰ ਦੁੱਖ ਝੱਲਣਾ ਪੈਂਦਾ ਹੈ। ਪ੍ਰਭੂ ਨੇ ਖੁਦ ਦੁੱਖ ਝੱਲਿਆ। **ਉਨ੍ਹਾਂ ਦੇ ਕਾਰਨ ਸਚਿਆਈ ਦੇ ਮਾਰਗ ਦੀ ਬਦਨਾਮੀ ਕੀਤੀ ਜਾਵੇਗੀ**। ਪਤਰਸ ਨੂੰ ਉਸ "ਸਚਿਆਈ ਦੇ ਮਾਰਗ" ਨੂੰ ਜਿਸ ਉੱਤੇ ਮਸੀਹੀ ਲੋਕ ਚੱਲਦੇ ਸਨ ਡਾਕਟ੍ਰਿਨਸ ਅਤੇ ਜੀਉਣ ਦਾ ਢੰਗ ਕਹਿਣ ਵਿਚ ਕੋਈ ਸੰਕਚ ਨਹੀਂ ਸੀ ਹੋਇਆ। ਪਹਿਲਾਂ ਉਸ ਨੇ ਦਾਅਵਾ ਕੀਤਾ ਸੀ ਕਿ ਉਸ ਦੇ ਪਾਠਕ "ਸਚਿਆਈ ਉੱਤੇ ਇਸਥਿਰ ਕੀਤੇ ਹੋਏ" ਸਨ (1:12)। ਕੀ ਇਸ ਦਾ ਕੋਈ ਕਾਰਣ ਸੀ ਕਿ ਪਤਰਸ ਨੇ "ਸਚਿਆਈ" ਦੀ ਬਜਾਇ "ਸਚਿਆਈ ਦਾ ਮਾਗਰ" ਲਿਖਿਆ ਜਾਂ ਇਹ ਸਿਰਫ ਇਕ ਸ਼ੈਲੀਗਤ ਫੇਰਬਦਲ ਸੀ? ਸ਼ਾਇਦ ਬਾਅਦ ਵਾਲੀ ਗੱਲ ਸਹੀ ਹੈ। ਫਿਰ ਵੀ, "ਮਾਰਗ" ਇਹ

ਸੁਝਾਅ ਦਿੰਦਾ ਹੈ ਕਿ ਸਚਿਆਈ ਨੂੰ ਕਲਪਨਾ ਤੱਕ ਹੀ ਸੀਮਿਤ ਨਹੀਂ ਕਰਨਾ ਹੈ। ਇਹ ਪੁਸ਼ਟੀ ਕਰਨ ਲਈ ਡਾਕਟ੍ਰਿਨਾਂ ਦੇ ਸੈੱਟ ਤੋਂ ਕਿਤੇ ਵੱਧ ਕੇ ਹੈ; ਇਹ ਇਕ ਮਾਰਗ ਹੈ ਜਿਸ ਦੇ ਚੱਲਣਾ ਹੈ। ਮਸੀਹ ਦਾ ਇਕਰਾਰ ਕਰਨਾ "ਪਰਮੇਸ਼ੁਰ ਦੇ ਰਾਹ" (ਰਸੂਲਾਂ ਦੇ ਕਰਤੱਬ 18:26), "ਸ਼ਾਂਤੀ ਦੇ ਰਾਹ" (ਰੋਮੀਆਂ 3:17; NIV), "ਨਵੇਂ ਅਤੇ ਜੀਉਂਦੇ ਰਾਹ" (ਇਬਰਾਨੀਆਂ 10:20) ਅਤੇ "ਧਰਮ ਦੇ ਮਾਰਗ" (2 ਪਤਰਸ 2:21) ਤੇ ਪੈਣਾ ਹੈ।

ਸਿੱਖਿਆਵਾਂ ਅਤੇ ਵਿਸ਼ਵਾਸ ਦੇ ਵਿਹਾਰ ਉਨ੍ਹਾਂ ਨੂੰ ਲੋਕਾਂ ਵਜੋਂ ਇਕੱਠਿਆਂ ਕਰਕੇ ਰੱਖਦੇ ਹਨ। ਮਸੀਹ ਵਿਚ ਹੋਣ ਲਈ ਉਸ ਦੀ ਦੇਹ ਵਿਚ ਹੋਣਾ ਜ਼ਰੂਰੀ ਹੈ। ਜਦੋਂ ਉਸ ਦੀ ਦੇਹ ਦੇ ਕਿਸੇ ਅੰਗ ਨੂੰ ਦੁੱਖ ਹੁੰਦਾ ਹੈ, ਸਾਰੀ ਦੇਹ ਨੂੰ ਦੁੱਖ ਹੁੰਦਾ ਹੈ। ਕਲੀਸੀਆ ਦੀ ਬਦਨਾਮੀ ਹੁੰਦੀ ਹੈ ਅਤੇ ਇਸੇ ਦੌਰਾਨ ਖੁਦ ਪ੍ਰਭੂ ਦੀ ਵੀ ਬਦਨਾਮੀ ਹੁੰਦੀ ਹੈ ਜਦੋਂ ਉਹ ਲੋਕ ਜਿਨ੍ਹਾਂ ਨੇ ਉਸ ਦੇ ਨਾਮ ਨੂੰ ਪਹਿਨਿਆ ਹੈ ਲੁੱਚਪੁਣੇ ਦੇ ਭੋਗ ਵਿਲਾਸ ਅੱਗੇ ਆਪਣੇ ਆਪ ਨੂੰ ਸੌਂਪ ਦਿੰਦੇ ਹਨ ਜੋ ਦੂਜਿਆਂ ਨੂੰ ਨਾਸ ਅਤੇ ਬਦਨਾਮ ਕਰਦਾ ਹੈ।

ਇਸ ਦੀ ਬਿਲਕੁਲ ਉਮੀਦ ਨਹੀਂ ਹੁੰਦੀ ਜਦੋਂ ਮਸੀਹ ਦੀ ਦੇਹ ਦੀ ਗੈਰ ਯਹੂਦੀ ਸੰਸਾਰ ਦੁਆਰਾ ਝੂਠੀ ਨਿੰਦਾ ਕੀਤੀ ਗਈ ਸੀ। ਇਹ ਅਜੀਬ ਹੈ ਜਦੋਂ ਮਸੀਹੀ ਲੋਕਾਂ ਦੀ ਉਸ ਵਿਹਾਰ ਲਈ ਬਦਨਾਮੀ ਕੀਤੀ ਜਾਂਦੀ ਹੈ ਜਿਸ ਨੂੰ ਸੰਸਾਰ ਸਵੈ-ਇੱਛਾ ਨਾਲ ਇਕ ਦੂਜੇ ਵੱਲੋਂ ਬਰਦਾਸ਼ਤ ਕਰ ਲੈਂਦਾ ਹੈ। ਸਗੋਂ ਗੈਰ-ਵਿਸ਼ਵਾਸੀ ਮਸੀਹੀ ਲੋਕਾਂ ਦੇ ਪਵਿੱਤਰ ਜੀਉਣ ਦੇ ਪੈਮਾਨੇ ਨੂੰ ਪਸੰਦ ਕਰਦੇ ਹਨ। ਮਸੀਹੀ ਲੋਕਾਂ ਨੂੰ ਇਸ ਗੱਲ ਤੋਂ ਜਾਣੂ ਹੋਣ ਦੀ ਲੋੜ ਹੈ ਕਿ ਗੈਰ-ਵਿਸ਼ਵਾਸੀ ਸਮੁੱਚੀ ਕਲੀਸੀਆ ਦਾ ਉਸੇ ਬੁਰਸ਼ ਨਾਲ ਚਿੱਤਰ ਬਣਾਉਣਗੇ ਜਿਹੜਾ ਉਹ ਝੂਠੇ ਗੁਰੂਆਂ ਲਈ ਵਰਤਦੇ ਹਨ। ਕੁਧਰਮੀ ਲੋਕ ਲਗਾਤਾਰ ਕਲੀਸੀਆ ਦਾ ਇਸ ਦੇ ਸਭ ਤੋਂ ਕਮਜ਼ੋਰ ਮੈਂਬਰਾਂ ਦੁਆਰਾ ਨਿਆਂ ਕਰਨਗੇ।

ਇਸ ਪੱਤ੍ਰੀ ਦਾ ਦੂਜਾ ਅਧਿਆਇ ਥਕਾਊ ਬਣਨ ਦੇ ਯੋਗ ਹੈ ਜਦੋਂ ਪਾਠਕ ਰਸੂਲ ਦੁਆਰਾ ਉਨ੍ਹਾਂ ਦੇ ਚਰਿੱਤਰ ਅਤੇ ਮਾਰਗਾਂ ਤੇ ਕੀਤੇ ਗਏ ਹਮਲਿਆਂ ਤੇ ਔਖਾ ਹੋ ਕੇ ਤੁਰਦਾ ਹੈ ਜਿਹੜੇ ਮਸੀਹੀ ਸਿੱਖਿਆ ਨਾਲ ਸਮਝੌਤਾ ਕਰ ਰਹੇ ਸਨ। ਦੂਜਾ ਅਧਿਆਇ ਪੜ੍ਹਨ ਲਈ ਥੋੜ੍ਹਾ ਜਿਹਾ ਕਸ਼ਟਦਾਇਕ ਅਤੇ ਥਕਾ ਦੇਣ ਵਾਲਾ ਹੈ। ਫਿਰ ਵੀ, ਸਾਨੂੰ ਇਹ ਧਿਆਨ ਦੇਣ ਵਿਚ ਅਸਫ਼ਲ ਨਹੀਂ ਹੋਣਾ ਚਾਹੀਦਾ ਕਿ ਇਕ ਭਾਵ ਹੈ ਜਿਸ ਵਿਚ ਰਸੂਲ ਦੀਆਂ ਨਸੀਹਤਾਂ ਨਵੇਂ ਨੇਮ ਵਿਚ ਪਾਈਆਂ ਜਾਣ ਵਾਲੀਆਂ ਸਭ ਤੋਂ ਵਿਹਾਰਕ ਨਸੀਹਤਾਂ ਵਿੱਚੋਂ ਹਨ। ਪਤਰਸ ਨੇ ਜਿਸ ਗੱਲ ਨੂੰ ਸਪੱਸ਼ਟ ਕੀਤਾ ਉਹ ਇਹ ਸੀ ਕਿ ਝੂਠੇ ਗੁਰੂਆਂ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੂੰ ਕਲੀਸੀਆ ਵਿਚ ਘੁਸਪੈਠ ਨਹੀਂ ਕਰਨ ਦੇਣੀ ਚਾਹੀਦੀ ਅਤੇ ਇਸ ਦੇ ਜੀਵਨ ਦੇ ਮਾਰਗ ਅਤੇ ਇਸ ਦੀਆਂ ਸਿੱਖਿਆਵਾਂ ਨੂੰ ਖੋਖਲਾ ਨਹੀਂ ਕਰਨ ਦੇਣਾ ਚਾਹੀਦਾ। ਜਦੋਂ ਤੱਕ ਉਹ ਲੋਕ ਮੌਜੂਦ ਹਨ ਜਿਹੜੇ ਮਸੀਹ ਦੇ ਨਾਮ ਵਿਚ ਮਸੀਹੀ ਸਿੱਖਿਆ ਨਾਲ ਸਮਝੌਤਾ ਕਰਦੇ ਹਨ, ਜਦੋਂ ਤੱਕ ਉਹ ਲੋਕ ਮੌਜੂਦ ਹਨ ਜਿਹੜੇ ਮਸੀਹੀ ਲੋਕਾਂ ਦਾ ਸ਼ੋਸ਼ਣ ਕਰਦੇ ਹਨ, ਉਦੋਂ ਤੱਕ 2 ਪਤਰਸ ਵਿਚ ਕਲੀਸੀਆ ਨੂੰ ਜ਼ਰੂਰੀ ਮਾਰਗ-ਦਰਸ਼ਨ ਮਿਲਦਾ ਰਹੇਗਾ। ਪੱਤ੍ਰੀ ਵਿਚ ਸੰਬੋਧਿਤ ਕੀਤੇ ਗਏ ਮੁੱਦੇ ਬੇਤੁਕੇ ਨਹੀਂ ਹਨ; ਉਹ ਖਤਮ ਨਹੀਂ ਹੋਏ ਹਨ।

**ਆਇਤ 3.** "ਲੁੱਚਪੁਣੇ" ਦੇ ਮਗਰ ਲੱਗਣ ਤੋਂ ਇਲਾਵਾ, ਜੋ ਲੋਕ ਕਲੀਸੀਆ ਨੂੰ ਪਰੇਸ਼ਾਨ ਕਰ ਰਹੇ ਸਨ **ਲੋਭ** ਦੇ ਮਾਰੇ ਹੋਏ ਸਨ। ਉਹ ਆਪਣੇ ਟੀਚਿਆਂ ਨੂੰ ਹਾਸਲ ਕਰਨ ਲਈ ਚੁਸਤ ਅਤੇ ਕਪਟੀ ਸਾਧਨਾਂ ਨੂੰ ਇਸਤੇਮਾਲ ਕਰਨ ਤੋਂ ਉੱਪਰ ਨਹੀਂ ਸਨ। ਪਤਰਸ ਨੇ

ਚਿਤਾਵਨੀ ਦਿੱਤੀ, **ਓਹ ਬਣਾਉਟ ਦੀਆਂ ਗੱਲਾਂ ਨਾਲ ਤੁਹਾਨੂੰ ਖੱਟੀ ਦਾ ਢੰਗ ਬਣਾ ਛੱਡਣਗੇ।** ਪਤਰਸ ਪਹਿਲਾਂ ਤੋਂ ਹੀ ਝੂਠੇ ਗੁਰੂਆਂ ਬਾਰੇ ਤਿੰਨ ਗੱਲਾਂ ਕਹਿ ਚੁੱਕਾ ਸੀ: (1) ਉਨ੍ਹਾਂ ਨੇ ਪ੍ਰਭੂ ਦਾ ਇਨਕਾਰ ਕੀਤਾ ਸੀ। (2) ਉਹ ਲੁੱਚਪੁਣੇ ਦੇ ਮਗਰ ਲੱਗੇ ਹੋਏ ਸਨ। (3) ਉਹ ਲੋਭ ਦੇ ਮਾਰੇ ਹੋਏ ਸਨ। ਪਖੰਡੀ ਲੋਕ ਆਪਣੇ ਫਾਇਦੇ ਲਈ ਮਨੁੱਖੀ ਲੋੜਾਂ ਅਤੇ ਔਗੁਣਾਂ ਨੂੰ ਸ਼ਿਕਾਰ ਬਣਾਉਂਦੇ ਹਨ। ਸ਼ੋਸ਼ਣ ਹਰ ਥਾਂ ਹੁੰਦਾ ਹੈ। ਕੁਝ ਲੋਕ ਵੈਦ ਬਣਨ ਦਾ ਵਿਖਾਵਾ ਕਰਕੇ ਜਾਂ ਕੋਈ ਚਮਤਕਾਰੀ ਦਵਾਈ ਖਾ ਕੇ ਸਰੀਰਕ ਤੰਦਰੁਸਤੀ ਲਈ ਇੱਛਾ ਦਾ ਸ਼ੋਸ਼ਣ ਕਰਦੇ ਹਨ। ਵਿਸ਼ਵਾਸੀਆਂ ਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਜਿਹੜੇ ਲੋਭ ਦੇ ਮਾਰੇ ਹੋਏ ਸਨ ਉਹ ਦੇ ਆਕਰਸ਼ਕ ਕੰਮ ਵਿਚ ਚੰਗੀ ਕਮਾਈ ਕਰਦੇ ਸਨ। ਜਦੋਂ ਉਹ ਭਾਵਨਾਤਮਕ ਜੋਸ਼ ਨਾਲ ਨੈਤਿਕ ਪਾਬੰਦੀਆਂ ਤੋਂ ਅਜ਼ਾਦੀ ਦਾ ਵਾਅਦਾ ਜੋੜ ਦਿੰਦੇ ਹਨ, ਝੂਠੇ ਗੁਰੂਆਂ ਨੂੰ ਬੜੀ ਅਸਾਨੀ ਨਾਲ ਤਿਆਰ ਬਰ ਤਿਆਰ ਸਰੋਤੇ ਮਿਲ ਜਾਂਦੇ ਹਨ।

ਪਤਰਸ ਪਹਿਲਾਂ ਹੀ ਕਹਿ ਚੁੱਕਾ ਸੀ ਕਿ ਝੂਠੇ ਗੁਰੂ "ਆਪਣੇ ਆਪ ਤੇ ਛੇਤੀ ਨਾਲ ਨਾਸ ਨੂੰ ਲਿਆ ਰਹੇ ਸਨ।" ਸਪੱਸ਼ਟ ਰੂਪ ਵਿਚ ਉਸ ਨੇ ਇਹ ਕਿਹਾ, **ਉਨ੍ਹਾਂ ਉੱਤੇ ਸਜ਼ਾ ਦਾ ਹੁਕਮ ਜਿਹੜਾ ਚਰੋਕਣਾ ਹੀ ਹੋਇਆ ਹੋਇਆ ਹੈ ਢਿੱਲ ਨਹੀਂ ਕਰਦਾ ਅਤੇ ਉਨ੍ਹਾਂ ਦਾ ਨਾਸ ਉਂਘਲਾਉਂਦਾ ਨਹੀਂ**। ਰਸੂਲ ਨੇ ਮਨੁੱਖੀ ਗੁਣਾਂ ਨੂੰ ਦੇਣ ਦੇ ਦੁਆਰਾ "ਸਜ਼ਾ" ਅਤੇ "ਨਾਸ" ਦਾ ਵਿਚਾਰ ਪਰਗਟ ਕੀਤਾ। ਯੂਨਾਨੀ ਲੋਕ ਮਾਨਵੀਕਰਨ ਨੂੰ ਮੂਰਤੀਪੂਜਾ ਤੱਕ ਲੈ ਕੇ ਜਾਂਦੇ ਸਨ। *ਈਰੋਸ* (ἔρως) ਲੁੱਚਪੁਣੇ ਦੀ ਭਾਰੀ ਖੁਰਾਕ ਨਾਲ ਸਿਰਫ ਸਰੀਰਕ ਪ੍ਰੇਮ ਨਹੀਂ ਸੀ, ਪਰ ਈਰੋਸ ਇਕ ਹਸਮੁਖ ਜਵਾਨ ਦੇਵਤਾ, ਅਫਰੋਦਿਤੁਸ ਦੇ ਪੁੱਤਰ ਦਾ ਨਾਮ ਵੀ ਸੀ ਜਿਹੜਾ ਦੂਜਿਆਂ ਅੰਦਰ ਪ੍ਰੇਮ ਨੂੰ ਜਗਾਉਣ ਦਾ ਕੰਮ ਕਰਦਾ ਸੀ। ਉਸੇ ਤਰ੍ਹਾਂ, ਚੰਗਿਆਈ ਦੇਣ ਵਾਲੇ ਦੇਵਤਾ ਅਸਲੇਪਿਉਸ ਦੀ ਜੀਵਨ ਸਾਥਣ ਜੋ ਇਕ ਦੇਵੀ ਸੀ ਨੂੰ ਕਈ ਵਾਰ ਉਚਿਤ ਰੂਪ ਵਿਚ ਤੰਦਰੁਸਤੀ (Ὑγίεια, *ਹਿਊਗੀਈਆ*) ਕਿਹਾ ਜਾਂਦਾ ਸੀ।

ਪਤਰਸ ਲਈ, ਮਾਨਵੀਕਰਨ ਸਿਰਫ ਇਕ ਰੂਪਕ ਅਲੰਕਾਰ, ਕੋਈ ਗੱਲ ਕਹਿਣ ਦਾ ਨਾਟਕੀ ਤਰੀਕਾ ਸੀ। ਯੁੱਗਾਂ (ἔκπαλαι, *ਏਕਪਾਲਾਈ*) ਤੋਂ ਹੀ ਪਰਮੇਸ਼ੁਰ ਦੀ ਇਹ ਇੱਛਾ ਰਹੀ ਹੈ ਕਿ ਇਤਹਾਸ ਵਿਚ ਆਖ਼ਰੀ ਘਟਨਾਵਾਂ ਦੇ ਯੁੱਗ ਵਿਚ ਝੂਠੇ ਗੁਰੂਆਂ ਵਰਗੇ ਲੋਕਾਂ ਦਾ ਨਿਆਂ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਨਾਸ ਕੀਤਾ ਜਾਵੇਗਾ। ਪਤਰਸ ਨੇ ਆਪਣੇ ਪਾਠਕਾਂ ਨੂੰ ਭਰੋਸਾ ਦਿੱਤਾ ਕਿ "ਝੂਠੇ ਗੁਰੂਆਂ ਦੀ ਤਕਦੀਰ ਨੂੰ ਸਮਝਣ ਵਿਚ ਗਲਤੀ ਨਾ ਕਰੋ।" ਇਸ ਪਰਕ੍ਰਿਆ ਦੌਰਾਨ ਪਰਮੇਸ਼ੁਰ ਦੇ ਉਦੇਸ਼ ਪੂਰੇ ਹੋ ਰਹੇ ਹਨ। ਉਹ ਸੰਸਾਰ ਵਿਚ ਕਿਰਿਆਸ਼ੀਲ ਹੈ। ਸਜ਼ਾ ਨਾ ਤਾਂ "ਢਿੱਲ ਕਰਦੀ" ਨਾ ਹੀ "ਉਂਘਲਾਉਂਦੀ" ਹੈ। ਅੱਗੇ ਆਉਣ ਵਾਲੀਆਂ ਆਇਤਾਂ ਵਿਚ, ਪਤਰਸ ਨੇ ਉਨ੍ਹਾਂ ਉਦਾਹਰਣਾਂ ਨੂੰ ਦੁਹਰਾਇਆ ਜਿੱਥੇ ਪਰਮੇਸ਼ੁਰ ਦੀ ਸਜ਼ਾ ਉਪਯੋਗ ਵਿਚ ਆਈ ਸੀ। ਜਿਵੇਂ 3:9 ਵਿਚ, ਪਤਰਸ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਜਿਹੜੇ ਉਸ ਸਜ਼ਾ ਨੂੰ ਸਮਝਣ ਲਈ ਜੋ ਪਰਮੇਸ਼ੁਰ ਬੀਤੇ ਯੁੱਗਾਂ ਵਿਚ ਸੰਸਾਰ ਉੱਤੇ ਲਿਆਇਆ ਸੀ ਪਰਮੇਸ਼ੁਰ ਦੇ ਧੀਰਜ ਨੂੰ ਅਣਗਹਿਲੀ ਜਾਂ ਲਾਚਾਰੀ ਸਮਝਣ ਦੀ ਗਲਤੀ ਕਰਦੇ ਹਨ।

## ਪਰਮੇਸ਼ੁਰ ਦੇ ਫੈਸਲੇ ਦੀ ਸੱਚਾਈ (2:4-10)

**4 ਕਿਉਂਕਿ ਜਦੋਂ ਪਰਮੇਸ਼ੁਰ ਨੇ ਦੂਤਾਂ ਨੂੰ ਜਿਸ ਵੇਲੇ ਉਨ੍ਹਾਂ ਪਾਪ ਕੀਤਾ ਨਾ ਛੱਡਿਆ ਸਗੋਂ ਓਹਨਾਂ ਨੂੰ ਨਰਕ ਵਿੱਚ ਸੁੱਟ ਕੇ ਅੰਧਕੂਪਾਂ ਵਿੱਚ ਪਾ ਦਿੱਤਾ ਭਈ ਨਿਆਉਂ ਦੇ ਲਈ ਕਾਬੂ**

**ਰਹਿਣ। [5]ਅਤੇ ਨਾ ਪੁਰਾਣੇ ਸੰਸਾਰ ਨੂੰ ਛੱਡਿਆ ਸਗੋਂ ਜਿਸ ਵੇਲੇ ਕੁਧਰਮੀਆਂ ਦੇ ਸੰਸਾਰ ਉੱਤੇ ਪਰਲੋ ਆਂਦੀ ਤਾਂ ਨੂਹ ਨੂੰ ਜਿਹੜਾ ਧਰਮ ਦਾ ਪਰਚਾਰਕ ਸੀ ਸੱਤਾਂ ਹੋਰਨਾਂ ਸਣੇ ਬਚਾ ਲਿਆ। [6]ਅਤੇ ਸਦੂਮ ਅਤੇ ਅਮੂਰਾਹ ਦੇ ਨਗਰਾਂ ਨੂੰ ਸੁਆਹ ਕਰ ਕੇ ਢਾਹ ਸੁੱਟਣ ਦਾ ਹੁਕਮ ਦਿੱਤਾ ਅਤੇ ਉਨ੍ਹਾਂ ਨੂੰ ਉਹ ਦੇ ਪਿੱਛੋਂ ਦੇ ਕੁਧਰਮੀਆਂ ਲਈ ਇੱਕ ਨਮੂਨਾ ਠਹਿਰਾ ਛੱਡਿਆ ਹੈ। [7]ਅਤੇ ਲੂਤ ਨੂੰ ਜਿਹੜਾ ਧਰਮੀ ਸੀ ਅਤੇ ਦੁਸ਼ਟਾਂ ਦੇ ਲੁੱਚਪੁਣੇ ਦੀ ਚਾਲ ਤੋਂ ਜਿੱਚ ਹੁੰਦਾ ਸੀ ਬਚਾ ਲਿਆ। [8](ਕਿਉਂ ਜੋ ਉਹ ਧਰਮੀ ਪੁਰਖ ਉਨ੍ਹਾਂ ਵਿੱਚ ਵੱਸਦਿਆਂ ਵੇਖ ਸੁਣ ਕੇ ਦਿਨੋ ਦਿਨ ਆਪਣੀ ਧਰਮੀ ਜਾਨ ਨੂੰ ਉਨ੍ਹਾਂ ਦਿਆਂ ਭੈੜਿਆਂ ਕਰਮਾਂ ਤੋਂ ਦੁਖੀ ਕਰਦਾ ਸੀ), [9]ਤਾਂ ਪ੍ਰਭੂ ਭਗਤਾਂ ਨੂੰ ਪਰਤਾਵੇ ਵਿੱਚੋਂ ਕੱਢਣਾ ਅਤੇ ਕੁਧਰਮੀਆਂ ਨੂੰ ਨਿਆਉਂ ਦੇ ਦਿਨ ਤੀਕ ਸਜ਼ਾ ਹੇਠ ਰੱਖਣਾ ਜਾਣਦਾ ਹੈ! [10]ਪਰ ਬਹੁਤ ਕਰਕੇ ਉਨ੍ਹਾਂ ਨੂੰ ਜਿਹੜੇ ਸਰੀਰ ਦੇ ਅਨੁਸਾਰ ਗੰਦੀ ਕਾਮਨਾ ਵਿੱਚ ਚੱਲਦੇ ਹਨ ਅਤੇ ਹਕੂਮਤ ਨੂੰ ਤੁੱਛ ਜਾਣਦੇ ਹਨ।**

ਇਹ ਲੰਮਾ ਯੂਨਾਨੀ ਵਾਕ ਕਦੀ ਵੀ ਉਚਿਤ ਅੰਤ ਤੇ ਨਹੀਂ ਪਹੁੰਚਿਆ। ਇਹ ਆਇਤ 10 ਵਿਚ ਉਸ ਸਮੇਂ ਮਰ ਜਾਂਦਾ ਹੈ ਜਦੋਂ ਪਤਰਸ ਨੇ ਆਪਣਾ ਧਿਆਨ ਝੂਠੇ ਨਬੀਆਂ ਦੇ ਹੋਰ ਵਿਵਰਣਾਂ ਵੱਲ ਮੋੜਿਆ। ਸ਼ਰਤੀਆ ਵਾਕਾਂ ਦੀ ਇੱਕ ਲੜੀ ਵਿਚ, ਪੌਲੁਸ ਰਸੂਲ ਨੇ ਕਿਹਾ ਕਿ ਉਹੀ ਪਰਮੇਸ਼ੁਰ ਜਿਸ ਨੇ ਪੁਰਾਣੇ ਸਮੇਂ ਵਿਚ ਨਿਆਂ ਨੂੰ ਲਾਗੂ ਕੀਤਾ ਸੀ ਉਹ ਦੁਬਾਰਾ ਇਸ ਨੂੰ ਕਰਨ ਦੇ ਲਈ ਪੂਰਣ ਤੌਰ ਤੇ ਸਮਰੱਥ ਸੀ। ਯਹੂਦੀਆਂ ਦੇ ਨਾਲ ਸਮਾਨਤਾਵਾਂ ਇਸ ਗੱਲ ਦਾ ਸਬੂਤ ਹਨ। ਜੇਕਰ ਪਰਮੇਸ਼ੁਰ ਨੇ ਦੂਤਾਂ ਨੂੰ ਨਾ ਛੱਡਿਆ, ਜੇਕਰ ਉਸ ਨੇ ਨੂਹ ਦੇ ਸੰਸਾਰ ਨੂੰ ਨਾ ਛੱਡਿਆ, ਜੇਕਰ ਉਸ ਨੇ ਸਦੂਮ ਅਤੇ ਅਮੂਰਾਹ ਦੇ ਨਗਰਾਂ . . . ਅਸੀਂ ਉਮੀਦ ਕਰਦੇ ਹਾਂ ਕਿ ਵਾਕ ਹੋਰ ਅੱਗੇ ਜਾਵੇਗਾ, "ਫਿਰ ਉਹ ਝੂਠੀ ਸਿੱਖਿਆ ਦੇਣ ਵਾਲਿਆਂ ਨੂੰ ਵੀ ਨਹੀਂ ਛੱਡੇਗਾ। ਉਨ੍ਹਾਂ ਦਾ ਵੀ ਨਿਆਂ ਹੋਵੇਗਾ।" ਪਤਰਸ ਕਦੀ ਵੀ ਇਹ ਕਹਿੰਦੇ ਹੋਏ ਇੱਧਰ-ਉੱਧਰ ਘੁੰਮਦਾ ਨਹੀਂ ਫਿਰਿਆ ਕਿ, ਜਦਕਿ ਭਾਵ ਕਾਫੀ ਸਾਫ ਹੈ। ਕੁਝ ਅਨੁਵਾਦ ਆਇਤ 9 ਵਿੱਚ ਸ਼ਬਦ "ਫਿਰ" ਨੂੰ ਜੋੜਦੇ ਹਨ ਅਤੇ ਵਾਕ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਕੋਸ਼ਿਸ਼ ਬਨਾਵਟੀ ਹੈ।

**ਆਇਤ 4.** ਪਾਠਕਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ, ਕਿ ਇਸ ਆਇਤ ਤੋਂ **ਸਵਰਗਦੂਤਾਂ** ਦਾ ਇੱਕ ਨਿਯਮ ਪੈਦਾ ਨਾ ਹੋ ਜਾਵੇ, ਤਾਂ ਕਿ ਸ਼ਤਾਨ ਦੀ ਹੋਂਦ ਲਈ ਇੱਕ ਤੱਥ ਦਾ ਕੁਝ ਨਾ ਕਹੇ। ਸਵਰਗਦੂਤ ਆਕਸਮਿਕ ਹਨ; ਪਰਮੇਸ਼ੁਰ ਦਾ ਨਿਆਂ ਵਿਸ਼ਾ ਹੈ। ਪਤਰਸ ਨੇ ਇਸ ਵਿਸ਼ੇ ਦੇ ਬਾਰੇ ਕਿ ਪਰਮੇਸ਼ੁਰ ਅਤੇ ਮਨੁੱਖ ਵਿਚਲੇ ਰਿਸ਼ਤੇ ਦੇ ਵਿਚਕਾਰ ਸਵਰਗਦੂਤ ਕਿਸ ਤਰੀਕੇ ਦੇ ਨਾਲ ਕੰਮ ਕਰਦੇ ਕੋਈ ਧਾਰਮਿਕ – ਸਿੱਖਿਆ ਨਹੀਂ ਦਿੱਤੀ। ਉਸ ਨੇ ਉਨ੍ਹਾਂ ਦੀ ਰਚਨਾ ਦੇ ਵਿਸ਼ੇ ਵਿਚ ਕੁਝ ਵੀ ਨਹੀਂ ਕਿਹਾ ਨਾ ਹੀ ਪਾਪ ਦੀਆਂ ਉਨ੍ਹਾਂ ਕਿਸਮਾਂ ਦੇ ਵਿਸ਼ੇ ਵਿਚ ਜਿਨ੍ਹਾਂ ਨਿਆਂ ਦੇ ਵੱਲ ਉਨ੍ਹਾਂ ਦੀ ਅਗਵਾਈ ਕੀਤੀ ਸੀ। ਸਭ ਤੋਂ ਉੱਤਮ ਅਸੀਂ ਕਹਿ ਸਕਦੇ ਹਾਂ ਕਿ ਸਵਰਗਦੂਤਾਂ ਦਾ ਵਰਣਨ ਪਾਠਕ ਦੇ ਲਈ ਇੱਕ ਸੱਦਾ ਹਨ ਕਿ ਉਹ ਉਨ੍ਹਾਂ ਦੇ ਵਿਸ਼ੇ ਵਿਚ ਪ੍ਰਸ਼ਨ ਪੁੱਛੇ।

ਆਓ ਅਸੀਂ ਇਕਰਾਰ ਕਰੀਏ ਕਿ ਸਵਰਗਦੂਤ, ਦੁਸ਼ਟਾਤਮਾਵਾਂ ਅਤੇ ਸ਼ਤਾਨ ਬਾਈਬਲ ਦੀਆਂ ਬੁਝਾਰਤਾਂ ਹਨ। ਇਬਰਾਨੀ ਸ਼ਬਦ מַלְאָךְ (*ਮਾਲਾਕ*) ਅਤੇ ਯੂਨਾਨੀ ਸ਼ਬਦ ἄγγελος (*ਐਂਜਲੋਸ*) ਸਧਾਰਣ ਸ਼ਬਦ ਹਨ ਜਿਨ੍ਹਾਂ ਦੋਵਾਂ ਦਾ ਅਰਥ "ਸੰਦੇਸ਼ਵਾਹਕ" ਹੈ।

ਸਮਿਆਂ ਤੇ, ਪਰਮੇਸ਼ੁਰ ਨੇ ਲੋਕਾਂ ਦੇ ਕੋਲ ਸੰਦੇਸ਼ਵਾਹਕ ਭੇਜੇ। ਕੁਝ ਸਵਰਗਦੂਤਾਂ ਨੂੰ ਨਾਮ ਦਿੱਤਾ ਗਿਆ ਸੀ: ਮੀਕਾਏਲ ਅਤੇ ਜਬਰਾਈਲ। ਉਨ੍ਹਾਂ ਦੇ ਵਿਸ਼ੇ ਵਿਚ ਬੋਲਣ ਦੇ ਲਈ ਹੋਰ ਵਧੇਰੇ ਕੁਝ ਵੀ ਨਹੀਂ ਹੈ। ਪਰ, ਉਹ ਲੋਕਾਂ ਨੂੰ ਕਾਲਪਨਿਕ ਝੁਕਾਓ ਤੋਂ ਨਹੀਂ ਰੋਕਦਾ ਹੈ ਕਿ ਉਹ ਉਨ੍ਹਾਂ ਦੇ ਵਿਸ਼ੇ ਵਿਚ ਬਹੁਤ ਕੁਝ ਦੀ ਕਲਪਨਾ ਕਰਨ। ਕੋਈ ਸ਼ੱਕ ਕਰਦਾ ਹੈ ਕਿ ਜਦੋਂ ਅੱਯੂਬ ਦੀ ਪੁਸਤਕ ਅਤੇ ਕੁਝ ਜ਼ਬੂਰ ਸਵਰਗ ਵਿਚ ਹੋਈ ਸਭਾ ਦੇ ਵਿਸ਼ੇ ਵਿਚ ਗੱਲ ਕਰਦੇ ਹਨ, ਤਾਂ ਬਿਆਨਾਂ ਨੂੰ ਅਸਲੀ ਨਾਲੋਂ ਥੋੜਾ ਘੱਟ ਸਮਝਣਾ ਚਾਹੀਦਾ ਹੈ। ਸਵਰਗਦੂਤਾਂ ਨੂੰ ਸ਼੍ਰੇਣੀਬੱਧ ਰੈਂਕਾਂ ਵਿਚ ਰੱਖਣਾ ਜਿਵੇਂ ਕਰੂਬੀ ਅਤੇ ਸਰਾਫੀਮ ਸ਼ੁੱਧ ਰੂਪ ਵਿਚ ਕਲਪਨਾਵਾਂ ਹਨ। ਪਰਮੇਸ਼ੁਰ ਦੀ ਵੱਲੋਂ ਸਵਰਗਦੂਤ ਬਾਈਬਲ ਦੇ ਕਥਾ ਦੇ ਪਾਠਕ੍ਰਮ ਵਿਚ ਦਿਖਾਈ ਦਿੰਦੇ ਹਨ। ਅਜਿਹੇ ਪ੍ਰਾਣੀ ਜਾਹਿਰ ਤੌਰ ਤੇ ਮੌਜੂਦ ਹਨ। ਅਸੀਂ ਸਿਰਫ ਇੰਨਾ ਹੀ ਜਾਣਦੇ ਹਾਂ।

2 ਪਤਰਸ 2:4 ਵਿਚ ਨਾ ਤਾਂ ਸ਼ਬਦ "ਦੁਸ਼ਟਾਤਮਾ" ਅਤੇ ਨਾ ਹੀ ਸ਼ਬਦ "ਸ਼ਤਾਨ" ਪਰਗਟ ਹੁੰਦਾ ਹੈ।[4] ਫਿਰ ਵੀ, ਆਇਤ ਉਸ ਦੀ ਉਤਪਤੀ ਦੇ ਇੱਕ ਬਿਆਨ ਦੇ ਰੂਪ ਵਿਚ ਲਿਆ ਗਿਆ ਹੈ। ਇੱਕ ਲੰਬੇ ਸਮੇਂ ਤੋਂ ਚੱਲਦੀ ਆ ਰਹੀ ਇੱਕ ਪਰੰਪਰਾ ਹੈ ਕਿ ਸ਼ਤਾਨ ਇੱਕ ਸਵਰਗਦੂਤ ਸੀ ਜਿਸ ਦੇ ਹੰਕਾਰ ਨੇ ਉਸ ਨੂੰ ਪਰਮੇਸ਼ੁਰ ਦੇ ਖਿਲਾਫ ਬਗਾਵਤ ਕਰਨ ਵਿਚ ਉਸ ਦੀ ਅਗਵਾਈ ਕੀਤੀ ਸੀ। ਪ੍ਰਭਾਵ ਦੇ ਲਈ ਬਾਈਬਲ ਦੇ ਬਿਆਨ ਚਾਹੁਣਯੋਗ ਹਨ। ਪਰਕਾਸ਼ ਦੀ ਪੋਥੀ 12 ਅਧਿਆਇ ਯੂਹੰਨਾ ਦੇ ਬਾਰੇ ਇੱਕ ਬਹੁਤ ਜ਼ਿਆਦਾ ਅਲੰਕਾਰਕ ਅਤੇ ਕਾਲਪਨਿਕ ਬਿਆਨ ਹੈ। ਹਵਾਲੇ ਵਿਚੋਂ ਸ਼ਤਾਨ ਦੀ ਉਤਪਤੀ ਦੇ ਵਿਸ਼ੇ ਵਿਚ ਇੱਕ ਸਪਸ਼ੱਟ ਬਿਆਨ ਨੂੰ ਹਾਸਲ ਕਰ ਸਕਣਾ ਮੁਸ਼ਕਲ ਹੈ। ਜਦੋਂ ਯਿਸੂ ਨੇ ਕਿਹਾ ਕਿ "ਮੈਂ ਸ਼ਤਾਨ ਨੂੰ ਬਿਜਲੀ ਵਾਂਙੁ ਅਕਾਸ਼ ਤੋਂ ਡਿੱਗਾ ਹੋਇਆ ਡਿੱਠਾ" (ਲੂਕਾ 10:18), ਇਹ ਹਵਾਲਾ ਇਸ ਗੱਲ ਨੂੰ ਸਪਸ਼ੱਟ ਕਰਦਾ ਹੈ ਕਿ ਉਹ ਸ਼ਤਾਨ ਦੀ ਆਤਮਿਕ ਹਾਰ ਦੇ ਵਿਸ਼ੇ ਵਿਚ ਗੱਲ ਕਰ ਰਿਹਾ ਸੀ, ਜੋ ਸੱਤਰਾਂ ਦੇ ਕੰਮ ਦੇ ਦੁਆਰਾ ਹੋਈ ਸੀ। ਹਿਜ਼ਕੀਏਲ 28 ਅਧਿਆਇ ਵਰਗੇ ਹਵਾਲੇ ਸੂਰ ਉੱਤੇ ਪਰਮੇਸ਼ੁਰ ਦੇ ਨਿਆਂ ਦੇ ਵਿਸ਼ੇ ਵਿਚ ਗੱਲ ਕਰਦੇ ਹਨ। ਜਦਕਿ ਅਧਿਆਇ ਵਿਚ ਅਦਨ ਦੇ ਬਾਗ ਦੇ ਸੰਕੇਤ ਹਨ, ਪਰ ਇਸ ਨੂੰ ਸ਼ਤਾਨ ਦੀ ਉਤਪਤੀ ਦੇ ਹਵਾਲਿਆਂ ਦੇ ਰੂਪ ਵਿਚ ਵੇਖਣਾ ਕਾਲਪਨਿਕ ਹੈ। ਸਵਰਗਦੂਤਾਂ ਦੇ ਵਾਂਗ, ਸਧਾਰਣ ਤੌਰ ਤੇ ਸ਼ਤਾਨ ਬਾਈਬਲ ਦੇ ਵਿਚ ਪਰਗਟ ਹੁੰਦਾ ਹੈ। ਇਹ ਗੱਲ ਅਸਪਸ਼ੱਟ ਹੈ ਕਿ ਕਿਵੇਂ ਸ਼ਤਾਨ ਮਨੁੱਖੀ ਪਾਪ ਨਾਲ ਸੰਬੰਧਤ ਹੈ ਜਾਂ ਮਨੁੱਖੀ ਪਾਪ ਦਾ ਕਾਰਨ ਬਣਦਾ ਹੈ। ਭਾਵੇਂ ਉਹ ਕੁਝ ਵੀ ਕਰਦਾ ਹੋਵੇ, ਸਪਸ਼ੱਟ ਤੌਰ ਤੇ ਮਨੁੱਖ ਉਸ ਦੇ ਲਈ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ ਹੈ।

ਇਸ ਮਾਮਲੇ ਦੇ ਵਿਸ਼ੇ ਵਿਚ ਅਸੀਂ ਜੋ ਕਹਿ ਸਕਦੇ ਹਾਂ ਉਹ ਇਹ ਹੈ ਕਿ ਕਈ ਵਾਰ, ਕਈਆਂ ਸਥਾਨਾਂ ਤੇ ਸਵਰਗਦੂਤਾਂ ਨੇ **ਪਾਪ** ਕੀਤਾ ਹੈ। ਜੇਕਰ ਪਤਰਸ ਬਾਈਬਲ ਵਿਚੋਂ ਇੱਕ ਹਵਾਲਾ ਦੇ ਰਿਹਾ ਸੀ ਜਿੱਥੇ ਸਵਰਗਦੂਤਾਂ ਨੇ ਪਾਪ ਕੀਤਾ ਸੀ, ਤਾਂ ਉਤਪਤ 6:1–4 ਇੱਕ ਸਭ ਤੋਂ ਉੱਤਮ ਸੰਭਾਵਨਾ ਹੋਵੇਗੀ। ਜਲ ਪਰਲੋ ਤੋਂ ਠੀਕ ਪਹਿਲਾਂ, ਉਤਪਤ ਦੀ ਪੁਸਤਕ ਦੇ ਵਿਚ ਇਸ ਗੱਲ ਨੂੰ ਦਰਜ ਕੀਤਾ ਗਿਆ ਕਿ "ਤਾਂ ਪਰਮੇਸ਼ੁਰ ਦੇ ਪੁੱਤ੍ਰਾਂ ਨੇ ਆਦਮੀ ਦੀਆਂ ਧੀਆਂ ਨੂੰ ਵੇਖਿਆ ਭਈ ਓਹ ਸੋਹਣੀਆਂ ਹਨ ਤਦ ਉਨ੍ਹਾਂ ਨੇ ਆਪਣੇ ਲਈ ਸਾਰੀਆਂ ਚੁਣੀਆਂ ਹੋਈਆਂ ਵਿੱਚੋਂ ਤੀਵੀਆਂ ਕੀਤੀਆਂ।" ਇਸ ਹਵਾਲੇ ਦੇ ਵਿਚ ਰਚਨਾ ਦੀ ਬੁਰਾਈ ਨੂੰ ਨੋਟ ਕੀਤਾ ਗਿਆ ਹੈ। ਸਿੱਟਾ ਇਹ ਸੀ ਕਿ ਪਰਮੇਸ਼ੁਰ ਨੇ ਜਲ ਪਰਲੋ ਭੇਜੀ। ਭਾਵੇਂ ਉਤਪਤ 6 ਅਧਿਆਇ ਵਿਚ ਸ਼ਬਦ "ਸਵਰਗਦੂਤ" ਦਾ ਇਸਤੇਮਾਲ ਨਹੀਂ ਹੋਇਆ ਹੈ ਸ਼ਾਇਦ

“ਪਰਮੇਸ਼ੁਰ ਦੇ ਪੁੱਤਰ” ਸਵਰਗੀ ਪ੍ਰਾਣੀਆਂ ਦਾ ਹਵਾਲਾ ਹੋ ਸਕਦੇ ਹਨ ਜਿਵੇਂ ਇਹ ਅੱਯੂਬ 1:6 ਵਿਚ ਵੀ ਹਨ।

ਸਿੱਟੇ ਦਾ ਸਮਰਥਨ ਕਰਨ ਦੇ ਲਈ ਉੱਥੇ ਅਕਸਰ ਹੋਰ ਵਿਚਾਰਾਂ ਦਾ ਹਵਾਲਾ ਦਿੱਤਾ ਜਾਂਦਾ ਹੈ ਕਿ ਪਤਰਸ ਦੇ ਸਵਰਗਦੂਤ ਉਤਪਤ 6:2 ਦੇ “ਪਰਮੇਸ਼ੁਰ ਦੇ ਪੁੱਤਰਾਂ” ਦੇ ਸਮਾਨ ਹਨ। ਨਵੇਂ ਨੇਮ ਦੇ ਸਮੇਂ ਵਿਚ, ਰੱਬੀ ਲੋਕ “ਪਰਮੇਸ਼ੁਰ ਦੇ ਪੁੱਤਰਾਂ” ਵਿਚ ਬਹੁਤ ਹੀ ਜ਼ਿਆਦਾ, ਲਗਭਗ ਇੱਕ ਜਨੂਨ ਦੀ ਤਰ੍ਹਾਂ ਦਿਲਚਸਪੀ ਦਿਖਾਉਂਦੇ ਸਨ। ਇੱਥੇ 1 ਹਨੋਕ ਤੋਂ ਇੱਕ ਦਿਲਚਸਪ ਕੰਮ ਹੈ ਜੋ ਉਤਪਤ 6 ਦੀ ਵਾਰਤਾ ਤੇ ਸ਼ੁਸ਼ੋਭਤ ਹੁੰਦਾ ਹੈ। ਜਦਕਿ ਯਹੂਦਾਹ ਦੇ ਦੁਆਰਾ 1 ਹਨੋਕ ਦਾ ਹਵਾਲਾ ਦਿੱਤਾ ਗਿਆ ਹੈ, ਇਹ ਕਹਿਣਾ ਕਾਫੀ ਹੱਦ ਤੱਕ ਨਿਸ਼ਚਤ ਹੋਵੇਗਾ ਕਿ ਯਹੂਦਾਹ ਅਤੇ ਪਤਰਸ ਦੋਵੇਂ ਇਸ ਨੂੰ ਜਾਣਦੇ ਸਨ। ਇਸ ਤੋਂ ਇਲਾਵਾ, ਪਤਰਸ ਨੇ ਆਪਣੀਆਂ ਦੋਵਾਂ ਪੱਤ੍ਰੀਆਂ ਦੇ ਵਿਚ ਤਿੰਨ ਵਾਰ ਉਸ ਨਿਆਂ ਦਾ ਹਵਾਲਾ ਦਿੱਤਾ ਜੋ ਨੂਹ ਦੇ ਦਿਨਾਂ ਦੇ ਵਿਚ ਸੰਸਾਰ ਤੇ ਆਇਆ ਸੀ (1 ਪਤਰਸ 3:20; 2 ਪਤਰਸ 2:5; 3:6)। “ਪਰਮੇਸ਼ੁਰ ਦੇ ਪੁੱਤਰਾਂ” ਦੇ ਬਾਰੇ ਘਟਨਾ ਉਸ ਸਥਾਨ ਤੋਂ ਸ਼ੁਰੂ ਹੁੰਦੀ ਹੈ ਜਿੱਥੇ ਜਲ ਪਰਲੋ ਸ਼ੁਰੂ ਹੁੰਦੀ ਹੈ।

ਅੰਤ ਵਿਚ ਸਬੂਤ ਅਨਿਸ਼ਚਤ ਹੈ। ਹੋ ਸਕਦਾ ਹੈ ਕਿ ਜਿਸ ਸਮੇਂ ਪਤਰਸ ਨੇ ਕਿਹਾ ਕਿ ਦੂਤਾਂ ਨੂੰ ਨਰਕ ਵਿਚ ਸੁੱਟਿਆ ਗਿਆ ਸੀ ਉਸ ਸਮੇਂ ਉਸ ਦੇ ਮਨ ਵਿਚ ਉਤਪਤ ਅਧਿਆਇ 6 ਨਾ ਹੋਵੇ। ਜੇਕਰ ਉਸ ਦੇ ਮਨ ਵਿਚ ਨਹੀਂ ਸੀ, ਤਾਂ ਪੁਰਾਣੇ ਨੇਮ ਦੇ ਕਿਸੇ ਹੋਰ ਹਵਾਲੇ ਦੇ ਬਾਰੇ ਸੋਚ ਸਕਣਾ ਮੁਸ਼ਕਲ ਹੈ ਜਿੱਥੇ ਪਾਪ ਭਰੇ ਦੂਤ ਵਿਸ਼ਾ ਹੋਣ। ਯਹੂਦਾਹ ਨੇ ਵੀ ਉਸ ਨਿਆਂ ਵੱਲ ਇਸ਼ਾਰਾ ਕੀਤਾ ਹੈ ਜੋ ਦੂਤਾਂ ਦੇ ਉੱਤੇ ਪਰਗਟ ਹੋਇਆ ਸੀ, ਪਰ ਉਸ ਨੇ ਜੋੜਿਆ ਹੈ ਕਿ ਉਹ ਇਸ ਲਈ ਡਿੱਗ ਗਏ ਸਨ ਕਿਉਂਕਿ ਉਹ ਉਸ ਸਥਾਨ ਤੋਂ ਸੰਤੁਸ਼ਟ ਨਹੀਂ ਸਨ ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਠਹਿਰਾਇਆ ਸੀ। ਦੂਤਾਂ ਦੇ ਪਾਪਾਂ ਦੇ ਪਿੱਛੇ ਪਾਈਆਂ ਜਾਣ ਵਾਲੀਆਂ ਖਾਸ ਸਥਿਤੀਆਂ ਦੇ ਵਿਸ਼ੇ ਵਿਚ ਪਤਰਸ ਦੀ ਤੁਲਨਾ ਵਿਚ ਯਹੂਦਾਹ ਨੇ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਸੀ।

ਪਤਰਸ ਨੇ ਕਿਹਾ, **ਪਰਮੇਸ਼ੁਰ ਨੇ ਦੂਤਾਂ ਨੂੰ ਜਿਸ ਵੇਲੇ ਉਨ੍ਹਾਂ ਪਾਪ ਕੀਤਾ ਨਾ ਛੱਡਿਆ ਸਗੋਂ ਓਹਨਾਂ ਨੂੰ ਨਰਕ ਵਿੱਚ ਸੁੱਟ ਕੇ ਅੰਧਕੂਪਾਂ ਵਿੱਚ ਪਾ ਦਿੱਤਾ**। ਉਹ ਸ਼ਬਦ ਜਿਸ ਦਾ ਅਨੁਵਾਦ “ਨਰਕ . . . ਪਾ ਦਿੱਤਾ” (ταρταρόω, *ਟਾਰਟਰੂ*) ਇੱਕ ਕਿਰਿਆ ਹੈ ਜਿਸ ਦਾ ਅਰਥ “ਟਾਰਟਰਸ ਨੂੰ ਭੇਜਿਆ ਹੋਇਆ ਹੈ।” ਨਵੇਂ ਨੇਮ ਵਿਚ ਇਹ ਸਿਰਫ ਇੱਥੇ ਹੀ ਇਸਤੇਮਾਲ ਹੋਇਆ ਹੈ। ਗੈਰ ਯਹੂਦੀ ਸਾਹਿਤ ਵਿਚ, ਟਾਰਟਰਸ ਅੰਡਰਵਰਲਡ ਦਾ ਇੱਕ ਹਿੱਸਾ ਸੀ ਜਿੱਥੇ ਟਾਇਟਨਸ ਨੂੰ, ਜੋ ਓਲੰਪੀਅਨ ਦੇਵਤਿਆਂ ਦੇ ਪੁਰਖਿਆਂ ਨੂੰ ਭੇਜਿਆ ਗਿਆ ਸੀ। ਸ਼ਾਇਦ ਪਤਰਸ ਨੇ ਇਸ ਸ਼ਬਦ ਨੂੰ ਇਸ ਲਈ ਚੁਣਿਆ ਹੈ ਕਿਉਂਕਿ ਇਸ ਕੇਸ ਵਿਚ ਅਲੌਕਿਕ ਪ੍ਰਾਣੀ, ਸਵਰਗਦੂਤ, ਉਸ ਦਾ ਵਿਸ਼ਾ ਸਨ। ਸ਼ਾਇਦ ਉਸ ਨੇ ਕਿਹਾ ਹੋਵੇਗਾ ਕਿ ਦੁਸ਼ਟ ਲੋਕ ਪਾਤਾਲ ਲੋਕ ਦੇ ਲਈ ਭੇਜੇ ਗਏ ਸਨ।

ਕੁਝ ਹੱਥ ਲਿਖਿਤ ਖਰੜੇ ਕਹਿੰਦੇ ਹਨ ਕਿ ਦੂਤ “ਹਨੇਰੇ ਦੀਆਂ [σειραῖς, *ਸੇਰਾਈਸ*] ਜੰਜ਼ੀਰਾਂ” ਜਦਕਿ ਹੋਰਨਾਂ ਵਿਚ “ਹਨੇਰੇ ਦੇ [διροῖς, *ਸੀਓਗਾ*] ਟੋਇਆਂ” ਬੰਨ੍ਹੇ ਹੋਏ ਹਨ। NASB **ਅੰਧਕੂਪਾਂ ਦੇ ਨਾਲ ਪੜਨ ਦੇ ਪੱਖ ਵਿਚ ਹਨ**। ਭਾਵੇਂ ਅਸੀਂ ਕੋਈ ਵੀ ਲਿਖਤ ਚੁਣੀਏ ਦੋਵਾਂ ਦੇ ਵਿਚਾਰਾਂ ਵਿਚ ਥੋੜਾ ਫਰਕ ਹੈ। “ਜੰਜ਼ੀਰਾਂ” ਜਾਂ “ਟੋਏ” ਸਪਸ਼ਟ ਤੌਰ ਤੇ ਰੂਪਕ ਹਨ। ਆਤਮਿਕ ਪ੍ਰਾਣੀਆਂ ਦੇ ਲਈ ਅਸਲੀ ਜੰਜ਼ੀਰਾਂ ਜਾਂ ਟੋਏ ਦਾ ਕੋਈ ਅਰਥ

ਨਹੀਂ ਹੈ। **ਨਿਆਂ** ਜਿਸ ਦਾ ਸਵਰਗਦੂਤ ਇੰਤਜ਼ਾਰ ਕਰ ਰਹੇ ਹਨ ਸਪਸ਼ੱਟ ਰੂਪ ਵਿਚ ਉਹੀ ਹੈ ਜੋ ਉਸ ਸਮੇਂ ਕੀਤਾ ਜਾਵੇਗਾ ਜਦੋਂ ਸਾਰੇ ਪ੍ਰਭੂ ਦੀ ਆਮਦ ਦੇ ਸਮੇਂ ਪਰਮੇਸ਼ੁਰ ਦੇ ਸਾਹਮਣੇ ਖਲੋਵਾਂਗੇ।

**ਆਇਤ 5.** ਰਸੂਲ ਉਸ ਨਿਆਂ ਤੇ ਕੇਂਦ੍ਰਿਤ ਰਿਹਾ ਜੋ ਪੱਕੇ ਤੌਰ ਤੇ ਝੂਠੇ ਗੁਰੂਆਂ ਤੇ ਆਉਣ ਵਾਲਾ ਸੀ। ਜੇਕਰ ਪਰਮੇਸ਼ੁਰ ਨੇ ਸਵਰਗਦੂਤਾਂ ਨੂੰ ਨਾ ਛੱਡਿਆ, ਨਾ ਹੀ ਉਸ ਨੇ **ਪੁਰਾਣੇ ਸੰਸਾਰ ਨੂੰ ਛੱਡਿਆ**। ਉਤਪਤ ਅਧਿਆਇ 6 ਵਿਚ, ਪਰਮੇਸ਼ੁਰ ਦੇ ਪੁੱਤਰਾਂ ਦੇ ਵੇਰਵੇ ਤੋਂ ਤੁਰੰਤ ਬਾਅਦ ਜੋ ਮਨੁੱਖਾਂ ਦੀਆਂ ਪੁੱਤਰੀਆਂ ਕੋਲ ਗਏ ਪਰਲੋ ਦੀ ਵਾਰਤਾ ਸ਼ੁਰੂ ਹੁੰਦੀ ਹੈ। ਜਿਵੇਂ ਉੱਤੇ ਉਲੇਖ ਕੀਤਾ ਗਿਆ ਹੈ, ਘਟਨਾ ਦੀ ਤਰਤੀਬ ਸੁਝਾਅ ਦੇ ਲਈ ਕੁਝ ਆਸਰਾ ਦਿੰਦੀ ਹੈ ਕਿ 2:4 ਦੇ ਸਵਰਗਦੂਤ ਉਤਪਤ ਅਧਿਆਇ 6 ਵਿਚਲੇ "ਪਰਮੇਸ਼ੁਰ ਦੇ ਪੁੱਤਰਾਂ" ਦੇ ਸਮਾਨ ਹੈ। ਪਤਰਸ ਦੇ ਵਾਂਗ, ਯਹੂਦਾਹ ਨੇ ਤਿੰਨ ਉਦਾਹਰਣਾਂ ਵੱਲ ਇਸ਼ਾਰਾ ਕੀਤਾ ਜਿੱਥੇ ਪਰਮੇਸ਼ੁਰ ਨੇ ਬੁਰਾਈ ਦਾ ਨਿਆਂ ਕੀਤਾ ਸੀ। ਉਨ੍ਹਾਂ ਵਿਚੋਂ ਦੋ ਸਮਾਨ ਹਨ, ਪਰ ਯਹੂਦਾਹ ਨੇ ਜਲ ਪਰਲੋ ਦੀ ਕਹਾਣੀ ਦੀ ਬਜਾਇ ਉਸ ਨਿਆਂ ਨੂੰ ਇਸਤੇਮਾਲ ਕੀਤਾ ਜੋ ਉਜਾੜ ਦੇ ਵਿਚ ਪਰਮੇਸ਼ੁਰ ਨੇ ਇਸਰਾਈਲ ਦੇ ਉੱਤੇ ਲਿਆਂਦਾ ਸੀ (ਯਹੂਦਾਹ 5)। ਪਤਰਸ ਨੇ ਇੱਥੇ ਅਤੇ 3:5, 6 ਵਿਚ ਨਿਆਂ ਦੇ ਰੂਪ ਵਿਚ ਜਲ ਪਰਲੋ ਦਾ ਹਵਾਲਾ ਦਿੱਤਾ; ਯਹੂਦਾਹ ਨੇ ਜਲ ਪਰਲੋ ਦਾ ਹਵਾਲਾ ਬਿਲਕੁਲ ਨਹੀਂ ਦਿੱਤਾ।

ਜਦੋਂ ਪਤਰਸ ਨੇ ਨੂਹ ਨੂੰ **ਧਰਮ ਦਾ ਪਰਚਾਰਕ ਕਿਹਾ**, ਉਸ ਸਮੇਂ ਉਸ ਨੇ ਯਹੂਦੀ ਅਤੇ ਮਸੀਹੀ ਪਰੰਪਰਾ ਨੂੰ ਅਪਨਾਇਆ। ਇਹ ਸੋਚਣਾ ਯੋਗ ਹੈ ਕਿ ਨੂਹ ਉਹ ਸਾਰੀ ਅਭਗਤੀ ਨੂੰ ਵੇਖ ਕੇ ਦੁਖੀ ਹੁੰਦਾ ਸੀ। ਕੋਈ ਉਸ ਦੀ ਉਸ ਜ਼ਮਾਨੇ ਨੂੰ ਕਾਇਲ ਕਰਨ ਦੀ ਕੋਸ਼ਿਸ਼ ਦੀ ਕਲਪਨਾ ਕਰ ਸਕਦਾ ਹੈ ਕਿ ਉਹ ਜ਼ਮਾਨਾ ਆਪਣੇ ਬੁਰੇ ਰਾਹਾਂ ਤੋਂ ਮੁੜ ਕੇ ਧਾਰਮਿਕਤਾ ਦਾ ਜੀਵਨ ਜੀਵੇ। ਪਰ, ਉਤਪਤ ਵਿਚ ਇਹ ਪਰਮੇਸ਼ੁਰ ਹੈ, ਜੋ ਉਸ ਦਸ਼ਾ ਤੋਂ ਦੁਖੀ ਸੀ ਜੋ ਲੋਕ ਆਪਣੇ ਆਪ ਤੇ ਲੈ ਆਏ ਸਨ, ਨਾ ਕਿ ਨੂਹ।

> ਫੇਰ ਯਹੋਵਾਹ ਨੇ ਵੇਖਿਆ ਕਿ ਆਦਮੀ ਦੀ ਬੁਰਿਆਈ ਧਰਤੀ ਉੱਤੇ ਵਧ ਗਈ ਅਰ ਉਸ ਦੇ ਮਨ ਦੇ ਵਿਚਾਰਾਂ ਦੀ ਹਰ ਇੱਕ ਭਾਵਨਾ ਸਾਰਾ ਦਿਨ ਬੁਰੀ ਹੀ ਰਹਿੰਦੀ ਹੈ। ਤਾਂ ਯਹੋਵਾਹ ਆਦਮੀ ਨੂੰ ਧਰਤੀ ਉੱਤੇ ਬਣਾਉਣ ਤੋਂ ਰੰਜ ਹੋਇਆ ਅਤੇ ਉਹ ਮਨ ਵਿੱਚ ਦੁਖੀ ਹੋਇਆ (ਉਤਪਤ 6:5, 6)।

ਬਾਅਦ ਵਿਚ ਰਿਕਾਰਡ ਵਿੱਚ ਜੋੜਿਆ ਗਿਆ, "ਤਾਂ ਪਰਮੇਸ਼ੁਰ ਨੇ ਧਰਤੀ ਨੂੰ ਡਿੱਠਾ ਅਤੇ ਵੇਖੋ ਉਹ ਬਿਗੜੀ ਹੋਈ ਸੀ ਕਿਉਂਜੋ ਸਾਰੇ ਸਰੀਰਾਂ ਨੇ ਆਪਣੇ ਮਾਰਗ ਨੂੰ ਧਰਤੀ ਉੱਤੇ ਬਿਗਾੜ ਲਿਆ ਸੀ" (ਉਤਪਤ 6:12)।

ਉਤਪਤ ਵਿਚ, ਨੂਹ ਦੇ ਦੁਆਰਾ ਕੀਤੇ ਗਏ ਕਿਸੇ ਵੀ ਪਰਚਾਰ ਦਾ ਕੋਈ ਹਵਾਲਾ ਨਹੀਂ ਹੈ। ਉਸ ਦਾ ਇੱਕ ਧਰਮੀ ਆਦਮੀ ਦੇ ਰੂਪ ਵਿਚ ਵਰਣਨ ਕੀਤਾ ਗਿਆ ਹੈ। ਜਿਸ ਸਮੇਂ ਉਸ ਨੂੰ ਇੱਕ ਕਿਸ਼ਤੀ ਬਣਾਉਣ ਦਾ ਕੰਮ ਸੌਂਪਿਆ ਗਿਆ ਸੀ ਉਸ ਸਮੇਂ ਉਹ ਵਫ਼ਾਦਾਰ ਸੀ। ਪਤਰਸ ਦੇ ਲਈ, ਇਸ ਬਿੰਦੂ ਤੱਕ ਨੂਹ ਦੇ ਉਪਦੇਸ਼ ਕੇਂਦਰ ਨਹੀਂ ਸੀ। ਪਰਮੇਸ਼ੁਰ ਦਾ ਨਿਆਂ ਵਿਸ਼ਾ ਹੈ। ਪਤਰਸ ਦੁਆਰਾ ਸੰਬੋਧਤ ਕੀਤੇ ਗਏ ਝੂਠੇ ਗੁਰੂਆਂ ਨੇ ਉਸ ਨਿਆਂ ਵੱਲ ਧਿਆਨ ਦੇ ਕੇ ਚੰਗਾ ਕੀਤਾ ਹੈ ਜੋ ਪੁਰਾਣੇ ਸਮੇਂ ਦੇ ਸੰਸਾਰ ਤੇ ਪਰਮੇਸ਼ੁਰ ਦੀ ਵੱਲੋਂ ਪਾਇਆ ਗਿਆ ਸੀ, ਜੋ ਕਲੀਸੀਆਵਾਂ ਨੂੰ ਸਤਾ ਰਹੇ ਸਨ।

NASB ਦੀਆਂ ਯੂਨਾਨੀ ਸੰਖੇਪ ਵਿਆਖਿਆਵਾਂ, ਜਿਵੇਂ ਹੋਰ ਬਹੁਤ ਸਾਰੇ ਅਨੁਵਾਦ ਕਰਦੇ ਹਨ, ਜਦੋਂ ਪਤਰਸ ਨੇ ਕਿਹਾ ਕਿ ਪਰਮੇਸ਼ੁਰ ਨੇ **ਨੂਹ ਨੂੰ ਜਿਹੜਾ . . . ਸੱਤਾਂ ਹੋਰਨਾਂ ਸਣੇ ਬਚਾ ਲਿਆ**। ਸ਼ਾਬਦਿਕ ਤੌਰ ਤੇ ਯੂਨਾਨੀ ਪੜ੍ਹਦੇ ਹਨ, "ਪਰਮੇਸ਼ੁਰ ਨੇ ਨੂਹ ਨੂੰ ਬਚਾ ਰੱਖਿਆ, ਜੋ ਅੱਠਵਾਂ ਸੀ।" 1 ਪਤਰਸ 3:20 ਦੇ ਵਿਚ, ਰਸੂਲ ਨੇ ਅੱਠ ਲੋਕਾਂ ਦਾ ਹਵਾਲਾ ਦਿੱਤਾ ਸੀ ਜੋ ਜਲ ਪਰਲੋ ਤੋਂ ਬਚਾਏ ਗਏ ਸਨ। ਉਤਪਤ ਦੇ ਲੇਖ ਵਿਚ, ਉਹ ਅੱਠ ਨੂਹ, ਉਸ ਦੀ ਪਤਨੀ, ਉਸ ਦੇ ਤਿੰਨ ਪੁੱਤਰ ਅਤੇ ਉਨ੍ਹਾਂ ਦੀਆਂ ਪਤਨੀਆਂ (ਉਤਪਤ 8:18) ਸਨ। ਰਿਚਰਡ ਜੇ. ਬਾਓਖਮ ਦਾ ਵਿਸ਼ਵਾਸ ਸੀ ਕਿ ਇਸ ਦਾ ਪ੍ਰਤੀਕਾਤਮਕ ਮਹੱਤਵ ਹੋਣ ਦੇ ਕਾਰਨ ਰਸੂਲ ਸੰਖਿਆ "ਅੱਠ" ਨੂੰ ਵਰਤਣ ਦੇ ਲਈ ਸਾਵਧਾਨ ਸੀ। ਮੁੱਢਲੇ ਮਸੀਹੀ ਆਉਣ ਵਾਲੇ ਯੁੱਗ ਨੂੰ ਅੱਠਵਾਂ ਦਿਨ ਮੰਨਦੇ ਸਨ, ਇੱਕ ਦਿਨ ਨੂੰ ਉਤਪਤ ਦੇ 1; 2 ਦੇ ਰਚਨਾ ਦੇ ਦਿਨਾਂ ਦੇ ਵਿਚ ਜੋੜਿਆ ਗਿਆ ਹੈ। ਇਸ ਤੋਂ ਇਲਾਵਾ, ਉਹ ਐਤਵਾਰ ਨੂੰ "ਅੱਠਵੇਂ ਦਿਨ" ਦੇ ਰੂਪ ਵਿਚ ਮੰਨਦੇ ਸਨ, ਜੋ ਹਫਤੇ ਦੇ ਬਾਕੀ ਦਿਨਾਂ ਨਾਲੋਂ ਵੱਖਰਾ ਕੀਤਾ ਗਿਆ ਹੈ।[5]

ਜਿਵੇਂ ਬਾਕੀ ਮਨੁੱਖ ਜਾਤੀ ਦੇ ਲਈ, ਪਰਮੇਸ਼ੁਰ ਨੇ **ਕੁਧਰਮੀਆਂ ਦੇ ਸੰਸਾਰ ਉੱਤੇ ਪਰਲੋ ਆਂਦੀ**। ਪਰਮੇਸ਼ੁਰ ਨੇ ਉਸ ਸਮੇਂ ਜਦੋਂ ਉਹ ਜਲ ਪਰਲੋ ਲਿਆਇਆ ਤਾਂ ਉਸ ਨੇ ਆਪਣੇ ਆਪ ਨੂੰ ਧਾਰਮਿਕਤਾ ਦੀ ਮੰਗ ਕਰਨ ਵਾਲੇ ਦੇ ਰੂਪ ਵਿਚ ਪਰਗਟ ਕੀਤਾ। ਉਹੀ ਪਰਮੇਸ਼ੁਰ ਜਿਸ ਨੇ ਉਸ ਸਮੇਂ ਸੰਸਾਰ ਦਾ ਨਿਆਂ ਕੀਤਾ ਸੀ ਉਹੀ ਦੁਬਾਰਾ ਇਸ ਸੰਸਾਰ ਦਾ ਨਿਆਂ ਕਰੇਗਾ। ਪਤਰਸ ਦੇ ਪਾਠਕ ਇਸ ਗੱਲ ਵੱਲ ਧਿਆਨ ਦੇਣ ਤੋਂ ਅਸਫਲ ਨਹੀਂ ਹੋਣਗੇ ਕਿ ਪਰਮੇਸ਼ੁਰ ਨੇ ਅੱਠ ਜਾਣਿਆਂ ਨੂੰ ਬਚਾ ਲਿਆ ਸੀ। ਜਿਨ੍ਹਾਂ ਦੂਤਾਂ ਨੇ ਪਾਪ ਕੀਤਾ ਸੀ ਉਨ੍ਹਾਂ ਦੇ ਵਿਚੋਂ ਕਿਸੇ ਨੂੰ ਵੀ ਬਖਸ਼ਿਆ ਨਹੀਂ ਗਿਆ ਸੀ। ਜਦੋਂ ਜਲ ਪਰਲੋ ਆਈ ਤਾਂ ਪਰਮੇਸ਼ੁਰ ਨੇ ਧਰਮੀ ਲੋਕਾਂ ਨੂੰ ਬਚਾ ਲਿਆ ਸੀ। ਜਦੋਂ ਅੰਤਿਮ ਨਿਆਂ ਹੋਵੇਗਾ, ਪਰਮੇਸ਼ੁਰ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਿਸ਼ਵਾਸੀਆਂ ਨੂੰ ਵੀ ਮੌਤ ਤੋਂ ਬਚਾ ਲਵੇਗਾ ਜਿਵੇਂ ਉਸ ਨੇ ਨੂਹ ਨੂੰ ਬਚਾਇਆ ਸੀ। ਨੂਹ ਦੇ ਵਾਂਗ, ਪਰਮੇਸ਼ੁਰ ਉਮੀਦ ਕਰਦਾ ਹੈ ਕਿ ਪਤਰਸ ਦੇ ਪਾਠਕ ਧਾਰਮਿਕਤਾ ਦੇ ਪਰਚਾਰਕ ਹੋਣ। ਪੁਰਾਤਨ ਸੰਸਾਰ ਦਾ ਵਿਨਾਸ ਉਨ੍ਹਾਂ ਦੂਤਾਂ ਦੇ ਵਿਨਾਸ ਨਾਲ ਮੇਲ ਖਾਂਦਾ ਹੈ ਜਿਨ੍ਹਾਂ ਨੇ ਪਾਪ ਕੀਤਾ ਸੀ। ਅੱਠ ਜਾਣਿਆਂ ਦਾ ਬਚਾਇਆ ਜਾਣਾ ਨਵੇਂ ਵਿਚ ਕੁਝ ਯੋਗਦਾਨ ਪਾਉਂਦਾ ਹੈ।

**ਆਇਤ 6.** ਜਿਵੇਂ ਉਸ ਨੇ ਪਹਿਲਾਂ ਕੀਤਾ ਸੀ, ਪਤਰਸ ਪਰਮੇਸ਼ੁਰ ਦੇ ਨਿਆਂ ਦੀ ਤੀਸਰੀ ਉਦਾਹਰਣ ਦੇ ਲਈ ਉਤਪਤ ਦੀ ਪੁਸਤਕ ਵੱਲ ਆਕਰਸ਼ਿਤ ਹੋਇਆ। ਜਿਵੇਂ ਪਰਮੇਸ਼ੁਰ ਨੇ ਉਨ੍ਹਾਂ ਸਵਰਗਦੂਤਾਂ ਦਾ ਅਤੇ ਪੁਰਾਣੇ ਸੰਸਾਰ ਦਾ ਨਿਆਂ ਕੀਤਾ ਜਿਨ੍ਹਾਂ ਨੇ ਪਾਪ ਕੀਤਾ ਸੀ ਅਤੇ **ਸਦੂਮ ਅਤੇ ਅਮੂਰਾਹ ਦੇ ਨਗਰਾਂ ਨੂੰ ਸੁਆਹ ਕਰ ਕੇ ਢਾਹ ਸੁੱਟਣ ਦਾ ਹੁਕਮ ਦਿੱਤਾ।** ਬਾਈਬਲ ਦੇ ਵਿਚ ਸਦੂਮ ਅਤੇ ਅਮੂਰਾਹ ਤੇ ਕਾਫੀ ਧਿਆਨ ਦਿੱਤਾ ਜਾਂਦਾ ਹੈ। ਉਤਪਤ 19 ਅਧਿਆਇ ਵਿਚ ਇਨ੍ਹਾਂ ਦੇ ਨਾਸ ਦੇ ਰਿਕਾਰਡ ਤੋਂ ਪਿੱਛੋਂ, ਮੂਸਾ ਅਤੇ ਨਬੀਆਂ ਨੇ ਅਕਸਰ ਇਨ੍ਹਾਂ ਸ਼ਹਿਰਾਂ ਨੂੰ ਇਸਰਾਈਲ ਦੇ ਸਾਹਮਣੇ ਪਰਮੇਸ਼ੁਰ ਰਹਿਤ ਅਤੇ ਉਨ੍ਹਾਂ ਲੋਕਾਂ ਦੇ ਰੂਪ ਵਿਚ ਰੱਖਿਆ ਜਿਨ੍ਹਾਂ ਦਾ ਨਿਆਂ ਪਰਮੇਸ਼ੁਰ ਕਰਦਾ ਹੈ (ਬਿਵਸਥਾ ਸਾਰ 29:23; 32:32; ਯਸਾਯਾਹ 1:9, 10; 3:9; 13:19; ਯਿਰਮਿਯਾਹ 23:14; 49:18; 50:40; ਵਿਰਲਾਪ ਗੀਤ 4:6; ਹਿਜ਼ਕੀਏਲ 16:46-56; ਆਮੋਸ 4:11; ਸਫ਼ਨਯਾਹ 2:9)। ਮੱਤੀ ਅਤੇ ਲੂਕਾ ਵਿਚ, ਸਦੋਮ ਦੇ ਪੰਜ ਹਵਾਲੇ ਹਨ; ਅਤੇ ਪੌਲੁਸ ਨੇ ਸ਼ਹਿਰ ਦਾ

ਹਵਾਲਾ ਇੱਕ ਵਾਰ ਦਿੱਤਾ ਸੀ (ਰੋਮੀਆਂ 9:29)।

ਪਤਰਸ ਅਤੇ ਯਹੂਦਾਹ ਦੋਵਾਂ ਨੇ ਪਰਮੇਸ਼ੁਰ ਦੇ ਨਿਆਂ ਦੀ ਸਥਿਰਤਾ ਦਾ ਵਰਣਨ ਕਰਨ ਦੇ ਲਈ ਸ਼ਹਿਰਾਂ ਦਾ ਹਵਾਲਾ ਦਿੱਤਾ ਹੈ। ਉਹ ਲੇਖ ਜੋ ਮੋਟੇ ਤੌਰ ਤੇ ਯਹੂਦੀ ਅਤੇ ਮਸੀਹੀ ਦੋਵਾਂ ਸੋਮਿਆਂ ਤੋਂ ਨਵੇਂ ਨੇਮ ਦੇ ਨਾਲ ਸਮਕਾਲੀਨ ਬਚੇ ਰਹੇ ਹਨ ਅਕਸਰ ਉਨ੍ਹਾਂ ਦਾ ਹਵਾਲਾ ਦੁਸ਼ਟਾਂ ਉੱਤੇ ਪਰਮੇਸ਼ੁਰ ਦੇ ਨਿਆਂ ਦੀ ਉਦਾਹਰਣ ਦੇ ਰੂਪ ਵਿਚ ਦਿੱਤਾ ਜਾਂਦਾ ਹੈ। ਜੋਸੇਫੁਸ ਨੇ ਦਾਅਵਾ ਕੀਤਾ ਕਿ ਉਸ ਨੇ ਉਸ ਲੂਣ ਦੇ ਖੰਬੇ ਨੂੰ ਵੇਖਿਆ ਹੈ ਜਿਸ ਵਿਚ ਲੂਤ ਦੀ ਪਤਨੀ ਬਦਲ ਗਈ ਸੀ।[6] ਪਤਰਸ ਨੇ ਸਧਾਰਣ ਸ਼ਬਦਾਂ ਵਿਚ ਸ਼ਹਿਰ ਦੀ ਬੁਰਾਈ ਦਾ ਹਵਾਲਾ ਦਿੱਤਾ, ਪਰ ਯਹੂਦਾਹ ਨੇ ਖਾਸ ਤੌਰ ਤੇ ਉਨ੍ਹਾਂ ਦੇ ਪਾਪ ਦੇ ਰੂਪ ਵਿਚ ਸਮਲਿੰਗਤਾ ਦਾ ਹਵਾਲਾ ਦਿੱਤਾ (ਯਹੁਦਾਹ ਦੀ ਪੱਤ੍ਰੀ ਦੀ ਆਇਤ 7 ਤੇ ਟਿੱਪਣੀਆਂ ਵੇਖੋ)। ਸ਼ਹਿਰ ਨੇ ਅੰਗ੍ਰੇਜ਼ੀ ਭਾਸ਼ਾ ਵਿਚ ਸ਼ਬਦ “ਸਦੋਮਾਈਟ” ਤੇ ਆਪਣਾ ਪ੍ਰਭਾਵ ਛੱਡਿਆ ਹੈ।

ਪਤਰਸ ਉਸ ਨਿਆਂ ਦੇ ਵਿਸ਼ੇ ਵਿਚ ਬਹੁਤ ਹੀ ਨਿਸ਼ਚਤ ਸੀ ਜੋ ਪਰਮੇਸ਼ੁਰ ਉਨ੍ਹਾਂ ਸ਼ਹਿਰਾਂ ਤੇ ਲੈ ਆਇਆ ਸੀ। ਉਸ ਨੇ ਉਨ੍ਹਾਂ ਨੂੰ **ਸੁਆਹ ਕਰ ਕੇ ਢਾਹ ਸੁੱਟਣ** ਦੇ ਦੁਆਰਾ ਉਨ੍ਹਾਂ ਦਾ ਨਾਸ ਕੀਤਾ। ਪਰੰਪਰਾਗਤ ਤੌਰ ਤੇ, ਯਹੂਦੀਆਂ ਦੇ ਲਾਲ ਸਮੁੰਦਰ ਦੇ ਖੇਤਰ ਵਿਚ ਸਦੂਮ ਅਤੇ ਅਮੂਰਾਹ ਸਥਿਤ ਹੈ। ਲਾਲ ਸਮੁੰਦਰ ਦੇ ਆਸ ਪਾਸ ਧਰਤੀ, ਨਮਕੀਨ, ਸੁੱਕੀ ਅਤੇ ਬੰਜਰ ਸੀ। ਧਰਤੀ ਦੇ ਵਿਸ਼ੇ ਵਿਚ ਚੰਗੀ ਤਰ੍ਹਾਂ ਸੋਚਿਆ ਜਾ ਸਕਦਾ ਹੈ ਜਿਵੇਂ ਸੁਆਹ ਘੱਟਦੀ ਹੈ। ਇੱਕ ਪੁਰਾਤਨ ਭੁਗੋਲ ਸ਼ਾਸਤਰੀ ਜੋ ਪਤਰਸ ਦਾ ਸਮਕਾਲੀ ਸੀ ਉਸ ਨੇ ਲਾਲ ਸਮੁੰਦਰ ਦੇ ਆਸ-ਪਾਸ ਦਾ ਵਰਣਨ “ਸੁਆਹ ਦੀ ਧਰਤੀ” ਕੀਤਾ ਹੈ। ਉਸ ਨੇ ਸ਼ਬਦ “ਸੁਆਹ” ਦਾ ਇਸਤੇਮਾਲ ਕੀਤਾ ਜੋ ਉਸ ਕਿਰਿਆ (τεφρόω, *ਟੇਫਰੁ*) ਦੇ ਨਾਲ ਮਿਲਦਾ-ਜੁਲਦਾ ਹੈ।[7] ਲੂਕਾ 17:26–30 ਦੇ ਯਿਸੂ ਦੇ ਵਾਂਗ, ਰਸੂਲ ਨੇ ਪਾਣੀ ਦੇ ਨਾਲ ਪਰਮੇਸ਼ੁਰ ਦੇ ਨਿਆਂ ਦੀ ਉਦਾਹਰਣ ਦੇਣ ਦੇ ਲਈ ਨੂਹ ਦੇ ਸੰਸਾਰ ਨੂੰ ਇਸਤੇਮਾਲ ਕੀਤਾ ਅਤੇ ਅੱਗ ਦੇ ਨਾਲ ਉਸ ਦੇ ਨਿਆਂ ਨੂੰ ਦਰਸਾਉਣ ਦੇ ਲਈ ਸਦੂਮ ਅਤੇ ਅਮੂਰਾਹ ਨੂੰ ਇਸਤੇਮਾਲ ਕੀਤਾ।

ਜੋ ਸਦੂਮ ਅਤੇ ਅਮੂਰਾਹ ਦੇ ਨਾਲ ਹੋਇਆ ਉਹ **ਕੁਧਰਮੀਆਂ ਲਈ ਇੱਕ ਨਮੂਨਾ ਠਹਿਰਾ ਛੱਡਿਆ ਹੈ**। ਸ਼ਬਦ ਜਿਸ ਦਾ ਅਨੁਵਾਦ “ਨਮੂਨਾ” (ὑπόδειγμα, *ਹੋਪੋਡਿਗਮਾ*) ਕੀਤਾ ਗਿਆ ਹੈ ਉਹ ਇੱਕ ਸਾਕਾਰਾਤਮਕ ਉਦਾਹਰਣ ਦਾ ਦੀ ਜਿਸ ਦੀ ਕਿਸੇ ਨੂੰ ਨਕਲ ਕਰਨੀ ਚਾਹੀਦੀ ਹੈ, ਜਾਂ ਇੱਕ ਨਾਕਾਰਾਤਮਕ ਉਦਾਹਰਣ ਦਾ ਜਿਸ ਤੋਂ ਕਿਸੇ ਨੂੰ ਬਚਣਾ ਚਾਹੀਦਾ ਹੈ, ਉਲੇਖ ਕਰ ਸਕਦਾ ਹੈ । ਪ੍ਰਸੰਗ ਨਿਰਧਾਰਤ ਕਰਦਾ ਹੈ ਕਿ ਕੀ ਅਰਥ ਹੈ। ਨਮੂਨਿਆਂ ਦੇ ਲਈ ਇੱਕ ਦਿਲਚਸਪੀ ਦੀ ਗੱਲ ਹੈ ਕਿ ਜਦੋਂ ਯਿਸੂ ਨੇ ਕਿਹਾ ਕਿ ਮਸੀਹੀਆਂ ਦੇ ਲਈ ਇੱਕ “ਨਮੂਨਾ” ਬਣੋ (1 ਪਤਰਸ 2:21), ਤਾਂ ਲੇਖਕ ਨੇ ਇੱਕ ਵੱਖਰੇ ਯੂਨਾਨੀ ਸ਼ਬਦ ਨੂੰ ਨਿਯੁਕਤ ਕੀਤਾ, ਇੱਕ ਅਜਿਹਾ ਸ਼ਬਦ ਜੋ ਹੋਰ ਵੀ ਦ੍ਰਿੜ੍ਹਤਾ ਦੇ ਨਾਲ ਇੱਕ ਸਾਕਾਰਾਤਮਕ ਉਦਾਹਰਣ ਦਾ ਹਵਾਲਾ ਦਿੱਤਾ। ਪਤਰਸ ਦੇ ਮਨ ਵਿਚ ਉਸ ਸਮੇਂ ਝੂਠੇ ਗੁਰੂ ਸਨ ਜਦੋਂ ਪਤਰਸ ਨੇ ਕਿਹਾ ਕਿ ਉਨ੍ਹਾਂ “ਕੁਧਰਮੀਆਂ ਨੂੰ” ਚੰਗੀ ਤਰ੍ਹਾਂ ਉਸ ਨਮੂਨੇ ਤੇ ਧਿਆਨ ਦੇਣਾ ਚਾਹੀਦਾ ਹੈ ਜੋ ਪਰਮੇਸ਼ੁਰ ਸਦੂਮ ਅਤੇ ਅਮੂਰਾਹ ਤੇ ਲੈ ਕੇ ਆਇਆ ਸੀ।

**ਆਇਤ 7.** ਜਦੋਂ ਪਤਰਸ ਦੇ ਵਿਸ਼ਾ ਉਹ ਸੰਸਾਰ ਸੀ ਜਿਸ ਵਿਚ ਨੂਹ ਰਹਿੰਦਾ ਸੀ, ਤਾਂ ਉਸ ਨੇ ਆਪਣੇ ਪਾਠਕਾਂ ਨੂੰ ਇਹ ਯਾਦ ਦਿਵਾਉਂਦੇ ਹੋਏ ਘਾਤਕ ਨਿਆਂ ਦੀ ਆਪਣੀ ਯਾਦ ਵਿਚ ਨਰਮਾਈ ਲਿਆਂਦੀ ਕਿ ਪਰਮੇਸ਼ੁਰ ਨੇ ਅੱਠ ਵਫ਼ਾਦਾਰ ਲੋਕਾਂ ਨੂੰ ਬਚਾ ਲਿਆ ਸੀ। ਉਸੇ ਤਰ੍ਹਾਂ, ਜਦੋਂ ਪਰਮੇਸ਼ੁਰ ਨੇ ਸਦੂਮ ਅਤੇ ਅਮੂਰਾਹ ਤੇ ਅੱਗ ਵਰਾਈ, ਤਾਂ **ਲੂਤ ਨੂੰ ਜਿਹੜਾ**

**ਧਰਮੀ ਸੀ . . . ਬਚਾ ਲਿਆ।** ਵਿਚਾਰ ਇਹ ਹੈ ਕਿ ਜਿਵੇਂ ਪੁਰਾਣੇ ਸਮੇਂ ਵਿਚ ਪਰਮੇਸ਼ੁਰ ਨੇ ਵਫ਼ਾਦਾਰ ਲੋਕਾਂ ਨੂੰ ਬਚਾ ਲਿਆ ਸੀ, ਉਸੇ ਤਰ੍ਹਾਂ ਉਹ ਝੂਠੇ ਗੁਰੂਆਂ ਦੇ ਨਿਆਂ ਦੇ ਸਮੇਂ ਵਫ਼ਾਦਾਰ ਲੋਕਾਂ ਨੂੰ ਬਚਾਵੇਗਾ। ਪਰ, ਪਤਰਸ ਲੂਤ ਦੀ ਚਰਚਾ ਵਿਚ ਪੈ ਗਿਆ ਅਤੇ ਕਦੀ ਵੀ ਆਪਣੇ ਵਿਚਾਰ ਨੂੰ ਪੂਰਾ ਨਹੀਂ ਕਰ ਸਕਿਆ।

ਇਹ ਆਇਤ ਉਸ ਲੰਬੇ, ਗੁੰਝਲਦਾਰ ਵਾਕ ਦਾ ਇੱਕ ਹਿੱਸਾ ਹੈ ਜੋ 2:4 ਵਿਚ ਸ਼ੁਰੂ ਹੋਇਆ ਸੀ, "ਕਿਉਂਕਿ ਜਦੋਂ ਪਰਮੇਸ਼ੁਰ ਨੇ . . . ।" ਆਇਤ 7 ਵਿਚ, NASB ਵਿਚ **ਜਦੋਂ** ਇਟਾਲਿਕ ਵਿਚ ਦੁਹਰਾਉਂਦਾ ਹੈ ਤਾਂ ਕਿ ਪਾਠਕ ਨੂੰ ਸੂਚਿਤ ਕਰੇ ਕਿ ਅਨੁਵਾਦਕਾਂ ਨੇ ਅੰਗ੍ਰੇਜ਼ੀ ਦੇ ਵਾਕ ਦੀ ਮਦਦ ਦੇ ਲਈ ਪ੍ਰਦਾਨ ਕੀਤਾ ਹੈ। ਇਹ ਪ੍ਰਦਾਨ ਕੀਤਾ ਗਿਆ "ਜਦੋਂ" 2:9 ਵਿਚ ਇੱਕ ਪ੍ਰਦਾਨ ਕੀਤੇ ਗਏ "ਤਾਂ" ਵੱਲ ਅਤੇ ਸ਼ਰਤੀਆ ਵਾਕ ਦੇ ਪੂਰਾ ਕਰਨ ਵਿਚ ਅਗਵਾਈ ਕਰਦਾ ਹੈ। ਕੋਈ ਉਮੀਦ ਕਰਦਾ ਹੈ ਕਿ 2:4 ਦੇ ਵਾਕ ਦਾ "ਜਦੋਂ" ਦਾ ਸਿੱਟਾ "ਫਿਰ ਪਰਮੇਸ਼ੁਰ ਝੂਠੇ ਗੁਰੂਆਂ ਨੂੰ ਵੀ ਨਹੀਂ ਛੱਡੇਗਾ" ਹੋਵੇਗਾ (ਉਨ੍ਹਾਂ ਹੀ ਗੁਰੂਆਂ ਦਾ ਵਰਣਨ 2:1-3 ਵਿਚ ਵੀ ਕੀਤਾ ਗਿਆ ਹੈ), ਪਰ ਪਤਰਸ ਨੇ ਕਦੀ ਵੀ ਵਾਕ ਨੂੰ ਪੂਰਾ ਨਹੀਂ ਕੀਤਾ ਸੀ। ਬਲਕਿ, ਉਸ ਦੇ ਦੁਆਰਾ ਕੀਤੇ ਗਏ ਲੂਤ ਦੇ ਉਲੇਖ ਨੇ ਇੱਕ ਵਿਸ਼ੇ ਤੋਂ ਭਟਕਣਾ ਸ਼ੁਰੂ ਕਰ ਦਿੱਤਾ ਜਿਸ ਨੇ ਨਵੀਂ ਦਿਸ਼ਾ ਵਿਚ ਉਸ ਦੀ ਅਗਵਾਈ ਕਰਨੀ ਸ਼ੁਰੂ ਕਰ ਦਿੱਤੀ।

ਇਹ ਹੈਰਾਨੀ ਭਰੀ ਗੱਲ ਹੈ ਕਿ ਪਤਰਸ ਲੂਤ ਨੂੰ "ਧਰਮੀ" ਬੁਲਾਵੇ ਅਤੇ ਕਹੇ ਕਿ ਉਹ **ਦੁਸ਼ਟਾਂ ਦੇ ਲੁੱਚਪੁਣੇ ਦੀ ਚਾਲ ਤੋਂ ਜਿੱਚ ਹੁੰਦਾ ਸੀ**। ਜਦੋਂ ਕੋਈ ਉਤਪਤ 13:1–13 ਦੀ ਕਹਾਣੀ ਨੂੰ ਪੜ੍ਹਦਾ ਹੈ, ਤਾਂ "ਧਾਰਮਿਕਤਾ" ਉਹ ਵਿਸ਼ੇਸ਼ਣ ਨਹੀਂ ਹੈ ਜੋ ਦਿਮਾਗ ਵਿਚ ਆਉਂਦਾ ਹੈ। ਉਸ ਦੇ ਚਾਚੇ ਅਬਰਾਮ ਨੇ ਲੂਤ ਨੂੰ ਉਹ ਭੂਮੀ ਚੁਣਨ ਲਈ ਕਿਹਾ ਜਿੱਥੇ ਉਹ ਆਪਣੀਆਂ ਭੇਡ-ਬੱਕਰੀਆਂ ਲੈ ਜਾ ਸਕਦਾ ਸੀ। ਲੂਤ ਨੇ ਯਰਦਨ ਦੀ ਉਪਜਾਊ ਵਾਦੀ ਨੂੰ ਚੁਣਿਆ। ਉਸ ਨੇ ਉਸ ਸ਼ਹਿਰ ਦੀ ਬੁਰਾਈ ਦੇ ਬਾਵਜੂਦ "ਸਦੂਮ ਕੋਲ ਆਪਣਾ ਤੰਬੂ ਲਾਇਆ" (ਉਤਪਤ 13:12)।

ਸ਼ਾਇਦ ਪਤਰਸ ਨੇ ਲੂਤ ਨੂੰ ਇਸ ਲਈ "ਧਰਮੀ" ਕਿਹਾ ਸੀ ਕਿਉਂਕਿ ਉਸ ਨੂੰ ਉਹ ਪਰਾਹੁਣਾਚਾਰੀ ਯਾਦ ਸੀ ਜੋ ਲੂਤ ਨੇ ਸਵਰਗਦੂਤਾਂ ਦੇ ਨਾਲ ਵਿਖਾਈ ਸੀ (ਉਤਪਤ 19:1–3)। ਇਸ ਤੋਂ ਇਲਾਵਾ, ਪਰਮੇਸ਼ੁਰ ਦੇ ਨਿਆਂ ਦੇ ਸਿਰ ਦੇ ਆ ਜਾਣ ਦੇ ਸਮੇਂ ਪਰਮੇਸ਼ੁਰ ਦੇ ਦੁਆਰਾ ਲੂਤ ਨੂੰ ਸ਼ਹਿਰ ਨੂੰ ਛੱਡ ਜਾਣ ਦੀ ਚੇਤਾਵਨੀ ਤੋਂ ਸੰਕੇਤ ਮਿਲਦਾ ਹੈ ਕਿ ਅਬਰਾਹਾਮ ਦਾ ਭਤੀਜਾ ਸ਼ਹਿਰ ਦੇ ਲੋਕਾਂ ਦੇ ਦੁਆਰਾ ਪੂਰੀ ਤਰ੍ਹਾਂ ਦੇ ਨਾਲ ਭ੍ਰਿਸ਼ਟ ਨਹੀਂ ਹੋਇਆ ਸੀ। ਅੰਤ ਵਿਚ, ਸਾਨੂੰ ਪਤਰਸ ਦੇ ਸ਼ਬਦਾਂ ਤੇ ਜ਼ਰੂਰ ਵਿਸ਼ਵਾਸ ਕਰਨਾ ਚਾਹੀਦਾ ਹੈ। ਪਤਰਸ ਸਾਨੂੰ ਲੂਤ ਦੇ ਵਿਸ਼ੇ ਵਿਚ ਅਜਿਹਾ ਕੁਝ ਦੱਸਦਾ ਹੈ ਜੋ ਅਸੀਂ ਉਤਪਤ ਦੀ ਪੁਸਤਕ ਨੂੰ ਪੜ੍ਹਣ ਦੇ ਦੁਆਰਾ ਨਹੀਂ ਜਾਣ ਸਕਾਂਗੇ। ਉਤਪਤ ਵਿਚ, ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਲੂਤ ਆਪਣੇ ਗੁਆਂਢੀਆਂ ਦੇ ਵਿਹਾਰ ਦੇ ਦੁਆਰਾ "ਦੁਖੀ" ਹੁੰਦਾ ਸੀ। ਪਰ, ਉਸ ਦਾ ਧਾਰਮਿਕ ਵਿਹਾਰ ਇਸ ਗੱਲ ਦਾ ਇੱਕ ਚੰਗਾ ਵਿਵਰਣ ਹੈ ਕਿ ਜਦੋਂ ਉਸ ਧਰਤੀ ਤੇ ਤਬਾਹੀ ਆਈ ਤਾਂ ਪਰਮੇਸ਼ੁਰ ਨੇ ਉਸ ਨੂੰ ਕਿਉਂ ਬਚਾਇਆ ਸੀ।

**ਆਇਤ 8.** ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਲੂਤ ਨੂੰ ਉਤਪਤ ਦੀ ਪੁਸਤਕ ਵਿਚ ਹਮੇਸ਼ਾ ਸਭ ਤੋਂ ਅਨੁਕੂਲ ਚਾਨਣਾ ਨਹੀਂ ਪਾਇਆ ਗਿਆ ਹੈ ਜਿਵੇਂ ਪਤਰਸ ਨੇ ਉਸ ਦੀ ਧਾਰਮਿਕਤਾ ਤੇ ਪਾਇਆ ਹੈ। ਲੂਤ ਦੀ **ਧਰਮੀ ਜਾਨ** ਉਨ੍ਹਾਂ ਚੀਜ਼ਾਂ ਨੂੰ **ਵੇਖ ਸੁਣ ਕੇ ਦੁਖੀ** ਹੁੰਦੀ [ਸੀ]। ਉਦਾਸੀਨਤਾ ਦੇ ਨਾਲ ਸਦੂਮ ਦੇ ਲੋਕਾਂ ਦੀ ਦੁਸ਼ਟਤਾ ਵੱਲ ਵੇਖਣ ਦੀ ਬਜਾਇ,

ਲੂਤ ਉਸ ਦੇ ਦੁਆਰਾ ਦੁਖੀ ਹੁੰਦਾ ਸੀ। ਜਦੋਂ ਉਹ ਆਪਣੇ ਆਲੇ-ਦੁਆਲੇ ਭਿਆਨਕ ਗੱਲਾਂ ਨੂੰ ਹੁੰਦਿਆਂ ਵੇਖਦਾ ਅਤੇ ਸੁਣਦਾ ਸੀ ਤਾਂ ਉਹ ਆਪਣੇ ਮਨ ਵਿਚ ਇੱਕ ਬੋਝ ਨੂੰ ਰੱਖਦਾ ਸੀ।

ਉਸੇ ਤਰੀਕੇ ਦੇ ਨਾਲ, ਪਤਰਸ ਦੇ ਪਾਠਕਾਂ ਨੂੰ ਇੱਕ ਅਜਿਹੇ ਸੰਸਾਰ ਦੇ ਵਿਚ ਰਹਿਣਾ ਪੈਂਦਾ ਸੀ ਜਿੱਥੇ ਬੇਰਹਿਮੀ, ਵਾਸਨਾ ਅਤੇ ਮੂਰਤੀਪੂਜਾ ਆਮ ਸਨ। ਰਸੂਲ ਦੁਆਰਾ ਸੂਚਿਤ ਕੀਤਾ ਗਿਆ ਸੰਦੇਸ਼ ਦੋਹਰਾ ਹੈ: (1) ਜਦੋਂ ਪਰਮੇਸ਼ੁਰ ਅਧਰਮੀਆਂ ਦਾ ਨਿਆਂ ਕਰਦਾ ਹੈ, ਤਾਂ ਉਹ ਵਿਸ਼ਵਾਸਯੋਗ ਲੋਕਾਂ ਨੂੰ ਛੁਟਕਾਰਾ ਦਿੰਦਾ ਹੈ। (2) ਮਸੀਹੀਆਂ ਨੂੰ ਸੰਸਾਰਿਕ ਪਾਪ ਦੇ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ ਹੈ, ਨਹੀਂ ਤਾਂ ਉਹ ਵੀ ਉਸੇ ਨਿਆਂ ਦੇ ਭਾਗੀ ਹੋਣਗੇ ਜੋ ਅਧਰਮੀ ਲੋਕਾਂ ਦੇ ਲਈ ਰੱਖਿਆ ਹੋਇਆ ਹੈ। ਲੂਤ ਦੀ ਉਦਾਹਰਣ ਤੋਂ ਸਿੱਖਣ ਦੇ ਦੁਆਰਾ, ਮਸੀਹੀ ਪਾਪ ਨੂੰ ਹਲਕਾ ਨਹੀਂ ਲੈਣਗੇ। ਲੂਤ ਜਦੋਂ ਸਦੂਮ ਤੋਂ ਭੱਜ ਗਿਆ ਤਾਂ ਉਹ ਮੌਤ ਤੋਂ ਬਚ ਗਿਆ, ਪਰ ਉਹ ਅਧਰਮੀ ਲੋਕਾਂ ਦੇ ਵਿਚਕਾਰ ਵੱਸਣ ਦੇ ਸਾਰੇ ਸਿੱਟਿਆਂ ਤੋਂ ਬਚ ਨਹੀਂ ਸਕਿਆ। ਉਸ ਨੇ ਆਪਣੀ ਪਤਨੀ ਅਤੇ ਆਪਣੇ ਸਾਰੇ ਮਾਲ-ਧਨ ਨੂੰ ਗੁਆ ਲਿਆ। ਇੱਥੋਂ ਤਕ ਕਿ ਜਦੋਂ ਪਰਮੇਸ਼ੁਰ ਪਾਪੀ ਨੂੰ ਨਾਸ ਤੋਂ ਬਚਾਉਂਦਾ ਹੈ, ਉਸ ਸਮੇਂ ਵੀ ਪਾਪ ਨਾਲ ਛੇੜਖਾਨੀ ਕਰਨ ਦੇ ਸਿੱਟੇ ਹੁੰਦੇ ਹਨ।

**ਆਇਤ 9.** ਅੰਤ ਵਿਚ ਅਸੀਂ ਉਸ ਲੰਬੇ ਵਾਕ ਦੇ ਅੰਤ ਵਿਚ ਆਉਂਦੇ ਹਾਂ ਜੋ 2:4 ਵਿਚ ਸ਼ੁਰੂ ਹੋਇਆ ਸੀ, ਭਾਵੇਂ ਇਸ ਦਾ ਅੰਤ ਇਕਦਮ ਉਹੀ ਨਹੀਂ ਹੈ ਜਿਸ ਦੀ ਅਸੀਂ ਉਮੀਦ ਕੀਤੀ ਸੀ। ਵਾਕ ਨਿਆਂ ਦੇ ਨਾਲ ਸ਼ੁਰੂ ਹੁੰਦਾ ਹੈ; ਇਸ ਦਾ ਅੰਤ ਧਰਮੀ ਦੇ ਬਚਾਓ ਅਤੇ ਦੁਸ਼ਟ ਦੇ ਨਿਆਂ ਦੇ ਨਾਲ ਹੁੰਦਾ ਹੈ। ਆਪਣੇ ਪਾਠਕਾਂ ਦੇ ਲਈ ਇਸ ਗੱਲ ਨੂੰ ਯਕੀਨੀ ਬਣਾਉਣ ਦੇ ਲਈ ਕਿ ਪਰਮੇਸ਼ੁਰ ਝੂਠੇ ਗੁਰੂਆਂ ਦੇ ਕੰਮਾਂ ਨੂੰ ਜੋ ਕਲੀਸੀਆਵਾਂ ਨੂੰ ਪਰੇਸ਼ਾਨ ਕਰ ਰਹੇ ਸਨ ਨਜ਼ਰਅੰਦਾਜ਼ ਨਹੀਂ ਕਰ ਰਿਹਾ ਸੀ, ਪਤਰਸ ਨੇ ਵਚਨ ਦੇ ਵਿਚੋਂ ਤਿੰਨ ਉਦਾਹਰਣਾਂ ਨੂੰ ਆਪਣੇ ਮਨ ਵਿਚ ਲਿਆਂਦਾ ਜਿੱਥੇ ਪਰਮੇਸ਼ੁਰ ਨੇ ਦੁਸ਼ਟਾਂ ਦਾ ਨਿਆਂ ਕੀਤਾ ਹੈ: (1) ਉਹ ਦੂਤ ਜਿਨ੍ਹਾਂ ਨੇ ਪਾਪ ਕੀਤਾ ਸੀ, (2) ਨੂਹ ਦੇ ਸਮੇਂ ਦਾ ਪੁਰਾਤਨ ਸੰਸਾਰ ਅਤੇ (3) ਸਦੂਮ ਅਤੇ ਅਮੂਰਾਹ। ਆਖਰੀ ਦੋ ਉਦਾਹਰਣਾਂ ਵਿਚ, ਉਹ ਪਰਮੇਸ਼ੁਰ ਦੇ ਛੁਟਕਾਰੇ ਦੇ ਨਾਲ ਸੰਬੰਧਤ ਸੀ: **ਤਾਂ ਪ੍ਰਭੁ ਭਗਤਾਂ ਨੂੰ ਪਰਤਾਵੇ ਵਿੱਚੋਂ ਕੱਢਣਾ ਅਤੇ ਕੁਧਰਮੀਆਂ ਨੂੰ ਨਿਆਉਂ ਦੇ ਦਿਨ ਤੀਕ ਸਜ਼ਾ ਹੇਠ ਰੱਖਣਾ ਜਾਣਦਾ ਹੈ।** "ਪਰਤਾਵੇ" (πειρασμός, *ਪੇਰਸਮੋਸ*) ਪਰੀਖਿਆਵਾਂ ਦਾ ਸੁਝਾਅ ਦਿੰਦੇ ਹਨ। ਨੂਹ ਨੇ ਉਸ ਸਮੇਂ ਪਰੀਖਿਆਵਾਂ ਦਾ ਸਾਹਮਣਾ ਕੀਤਾ ਜਦੋਂ ਉਸ ਨੇ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਦੇ ਵਿਚਕਾਰ ਪਾਇਆ ਜਿਨ੍ਹਾਂ ਦੇ ਦਿਲ ਨਿਰੰਤਰ ਪਾਪ ਵੱਲ ਲੱਗੇ ਰਹਿੰਦੇ ਸਨ। ਲੂਤ ਨੂੰ ਉਸ ਸਮੇਂ ਪਰੀਖਿਆਵਾਂ ਦੇ ਸਾਹਮਣਾ ਕਰਨਾ ਪਿਆ ਜਦੋਂ ਉਸ ਦੀ ਆਤਮਾ ਆਪਣੇ ਗੁਆਂਢੀਆਂ ਦੇ ਅਧਰਮ ਦੇ ਕੰਮਾਂ ਦੇ ਕਾਰਨ ਦੁਖੀ ਹੁੰਦੀ ਸੀ। ਹਰ ਹਾਲਤ ਵਿਚ, ਜਦੋਂ ਤਬਾਹੀ ਆਈ ਤਾਂ ਪਰਮੇਸ਼ੁਰ ਨੇ ਧਰਮੀ ਲੋਕਾਂ ਨੂੰ ਛੁਟਕਾਰਾ ਦਿੱਤਾ।

ਹਰ ਕੋਈ ਦ੍ਰਿੜ੍ਹਤਾ ਅਤੇ ਪਰੀਖਿਆਵਾਂ ਦਾ ਸਾਹਮਣਾ ਕਰਨ ਦੇ ਲਈ ਹਲ ਨੂੰ ਪ੍ਰਾਪਤ ਨਹੀਂ ਕਰੇਗਾ। ਯਿਸੂ ਨੇ ਆਪਣੇ ਚੇਲਿਆਂ ਨੂੰ ਪ੍ਰਾਰਥਨਾ ਕਰਨ ਦੀ ਸਿੱਖਿਆ ਦਿੱਤੀ, "ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ" (ਮੱਤੀ 6:13)। ਝੂਠੇ ਗੁਰੂ ਪਤਰਸ ਦੇ ਕੁਝ ਪਾਠਕਾਂ ਨੂੰ ਭਰਮਾ ਸਕਣਗੇ। ਉਨ੍ਹਾਂ ਵਿਚੋਂ ਕੁਝ ਲੋਕ ਯਿਸੂ ਤੇ ਵਿਸ਼ਵਾਸ ਤੋਂ ਮੁੜ ਜਾਣਗੇ। ਉਨ੍ਹਾਂ ਲੋਕਾਂ ਦੇ ਲਈ ਜੋ ਪ੍ਰਭੂ ਤੇ ਨਿਰਭਰ ਕਰਦੇ, ਜਿਨ੍ਹਾਂ ਨੇ ਪਤਰਸ ਦੀ ਰਸੂਲੀ ਗਵਾਹੀ ਨੂੰ ਸੁਣਿਆ, ਜੋ ਪਰਤਾਵੇ ਦਾ ਸਾਹਮਣਾ ਕਰਦੇ, ਉੱਥੇ ਛੁਟਕਾਰਾ ਹੋਵੇਗਾ।

ਪਰਮੇਸ਼ੁਰ ਨੇ ਨੂਹ ਨੂੰ ਜਾਦੂਈ ਤਰੀਕੇ ਦੇ ਨਾਲ ਉਸ ਦੇ ਦੁਸ਼ਟ ਸਾਥੀਆਂ ਤੋਂ ਦੂਰ ਲੈ ਜਾਣ ਦੇ ਦੁਆਰਾ ਉਸ ਦਾ ਛੁਟਕਾਰਾ ਨਹੀਂ ਕੀਤਾ ਸੀ। ਵਿਸ਼ਵਾਸ ਦੇ ਨਾਲ ਨੂਹ ਨੇ ਇੱਕ ਕਿਸ਼ਤੀ ਬਣਾਈ (ਇਬਰਾਨੀਆਂ 11:7)। ਜਿਸ ਵਿਅਕਤੀ ਨੂੰ ਛੁਟਕਾਰਾ ਮਿਲਦਾ ਹੈ ਉਸ ਨੂੰ ਬਿਨਾਂ ਕੀਮਤ ਅਦਾ ਕੀਤੇ ਛੁਟਕਾਰਾ ਨਹੀਂ ਮਿਲਦਾ ਹੈ। ਪਰਮੇਸ਼ੁਰ ਨੇ ਲੂਤ ਨੂੰ ਪਾਪ ਭਰੇ ਸਦੂਮ ਤੋਂ ਛੁਟਕਾਰਾ ਦਿੱਤਾ, ਪਰ ਇਸ ਪ੍ਰਕਿਰਿਆ ਵਿਚ ਲੂਤ ਨੂੰ ਆਪਣੀ ਪਤਨੀ ਅਤੇ ਆਪਣੇ ਸਾਰੇ ਮਾਲ-ਧਨ ਨੂੰ ਗੁਆਉਣਾ ਪਿਆ। ਬਦਕਿਸਮਤੀ ਇਹ ਹੈ ਕਿ ਉਸ ਨੇ ਯਰਦਨ ਦੀ ਘਾਟੀ ਦੇ ਵਿਚ ਰਹਿਣ ਨੂੰ ਚੁਣਿਆ ਕਿਉਂਕਿ ਉਸ ਨੂੰ ਆਪਣੇ ਧਨ ਨੂੰ ਵਧਾਉਣ ਦੀ ਆਸ ਸੀ। ਪਰਮੇਸ਼ੁਰ ਨੇ ਅਜਿਹਾ ਕੋਈ ਵਾਇਦਾ ਨਹੀਂ ਕੀਤਾ ਹੈ ਕਿ ਛੁਟਕਾਰਾ ਆਸਾਨੀ ਦੇ ਨਾਲ ਮਿਲੇਗਾ। ਛੁਟਕਾਰਾ ਪਾਉਣ ਵਾਲੇ ਦੇ ਸਰਗਰਮ ਯਤਨ ਦੇ ਦੁਆਰਾ ਛੁਟਕਾਰਾ ਮਿਲਦਾ ਹੈ। ਪਾਪ ਉਸ ਸਮੇਂ ਵੀ ਇੱਕ ਕੀਮਤ ਨੂੰ ਵਸੂਲ ਕਰਦਾ ਹੈ ਜਦੋਂ ਪਰਮੇਸ਼ੁਰ "ਧਰਮੀ ਨੂੰ ਪਰੀਖਿਆ ਤੋਂ ਛੁਟਕਾਰਾ ਦਿੰਦਾ ਹੈ।"

ਮਨੁੱਖਾਂ ਦੇ ਮਾਮਲਿਆਂ ਦੇ ਨਾਲ ਨਿਪਟਣ ਦੇ ਲਈ ਪਰਮੇਸ਼ੁਰ ਦਾ ਨਿਆਂ ਹਮੇਸ਼ਾ ਤੁਰੰਤ ਜ਼ਾਹਿਰ ਨਹੀਂ ਹੁੰਦਾ ਹੈ। ਪਤਰਸ ਦਾ ਆਪਣੇ ਪਾਠਕਾਂ ਦੇ ਲਈ ਇਹ ਭਰੋਸਾ ਸੀ ਕਿ ਪਰਮੇਸ਼ੁਰ ਨੂੰ ਉਸ ਅਨਿਆਂ ਦਾ ਧਿਆਨ ਹੈ ਜਿਸ ਦਾ ਉਹ ਸਾਹਮਣਾ ਕਰ ਰਹੇ ਸਨ। ਇਸ ਤੋਂ ਇਲਾਵਾ, ਉਹ ਝੂਠੇ ਗੁਰੂਆਂ ਦੇ ਦੁਸ਼ਟਪੁਣੇ ਤੋਂ ਜਾਣੂ ਸੀ। ਪਰਮੇਸ਼ੁਰ ਬਚਾਉਣਾ ਜਾਣਦਾ ਹੈ। ਉਹ **ਕੁਧਰਮੀਆਂ ਨੂੰ ਨਿਆਉਂ ਦੇ ਦਿਨ ਤੀਕ ਸਜ਼ਾ ਹੇਠ ਰੱਖਣਾ** ਵੀ ਜਾਣਦਾ ਹੈ। ਇਸਾਈ ਧਰਮ ਦੀ ਬੁਨਿਆਦ ਹੈ ਕਿ ਪ੍ਰਭੂ ਜੋ ਮੁਕਤੀਦਾਤਾ ਬਣ ਕੇ ਆਇਆ, ਸਲੀਬ ਉੱਤੇ ਮਰ ਗਿਆ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਤੇ ਰਾਜ ਕਰਨ ਦੇ ਲਈ ਚੜ੍ਹ ਗਿਆ ਉਹ ਦੁਬਾਰਾ ਆ ਰਿਹਾ ਹੈ। "ਮਸੀਹ ਵੀ ਬਾਹਲਿਆਂ ਦੇ ਪਾਪਾਂ ਨੂੰ ਚੁੱਕਣ ਲਈ ਇੱਕੋ ਹੀ ਵਾਰ ਚੜ੍ਹਾਇਆ ਗਿਆ . . . ਮੁਕਤੀ ਦੇ ਲਈ ਦੂਈ ਵਾਰ ਪਰਗਟ ਹੋਵੇਗਾ" (ਇਬਰਾਨੀਆਂ 9:28)। ਜਦੋਂ ਉਹ ਦੂਸਰੀ ਵਾਰ ਪਰਗਟ ਹੋਵੇਗਾ, ਹਰ ਇੱਕ ਅੱਖ ਉਸ ਨੂੰ ਵੇਖੇਗੀ ਅਤੇ "ਹਰ ਜ਼ਬਾਨ ਮੰਨ ਲਵੇਗੀ" (ਫ਼ਿਲਿੱਪੀਆਂ 2:11)। ਉਸ ਸਮੇਂ, ਪਰਮੇਸ਼ੁਰ ਕੁਧਰਮੀਆਂ ਦਾ ਨਿਆਂ ਕਰੇਗਾ। ਆਖਿਰਕਾਰ ਪਰਮੇਸ਼ੁਰ ਦਾ ਨਿਆਂ ਪਰਗਟ ਹੋਵੇਗਾ; ਪਰ ਜਦੋਂ ਤੱਕ ਉਹ ਆਉਂਦਾ ਹੈ, ਸੰਸਾਰ ਦੇ ਵਿਚ ਪਰਤਾਵਾ ਰਹੇਗਾ। ਪਤਰਸ ਦਾ ਭਰੋਸਾ ਇਹ ਹੈ ਕਿ ਹੁਣ ਵੀ, ਪਰਮੇਸ਼ੁਰ ਧਰਮੀਆਂ ਨੂੰ ਬਚਾਵੇਗਾ।

**ਆਇਤ 10.** ਸੌਲਵੀਂ ਸਦੀ ਵਿਚ ਇੱਕ ਫਰਾਂਸੀਸੀ ਪ੍ਰਕਾਸ਼ਕ ਸਟੀਫਨੁਸ ਦੇ ਦੁਆਰਾ ਨਵੇਂ ਨੇਮ ਦੀ ਅਧਿਆਇਆਂ ਅਤੇ ਆਇਤਾਂ ਵਿਚ ਵੰਡ ਕੀਤੀ ਗਈ ਸੀ। ਜ਼ਿਆਦਾਤਰ ਮੌਕਿਆਂ ਤੇ, ਵੰਡ ਤਾਰਕਿਕ ਸੀ; ਉਹ ਪਾਠਕਾਂ ਦੀ ਚੰਗੀ ਤਰ੍ਹਾਂ ਸੇਵਾ ਕਰਦੀ ਹੈ। ਕਈਆਂ ਮਾਮਲਿਆਂ ਵਿਚ, ਉਸ ਨੇ ਇੱਕ ਆਇਤ ਨੂੰ, ਜਾਂ ਇੱਥੋਂ ਤੱਕ ਕਿ ਇੱਕ ਅਧਿਆਇ ਨੂੰ, ਵਿਚਾਰ ਦੇ ਮੱਧ ਵਿਚ ਹੀ ਕੱਟ ਦਿੱਤਾ ਹੈ। ਦੂਸਰਾ ਪਤਰਸ 2:10 ਆਇਤ ਦੀ ਇੱਕ ਘਟੀਆ ਵੰਡ ਦੀ ਉਦਾਹਰਣ ਹੈ। ਉਹ ਆਇਤ ਦੇ ਪਹਿਲੇ ਹਿੱਸੇ ਦੇ ਨਾਲ ਇਸ ਸਥਾਨ ਤੇ ਅਤੇ ਬਾਕੀ ਦੇ ਨਾਲ ਅਗਲੇ ਭਾਗ ਵਿਚ ਵਿਹਾਰ ਕਰੇਗਾ।

ਪਤਰਸ ਨੇ ਪਹਿਲਾਂ ਤੋਂ ਹੀ ਆਮ ਸ਼ਬਦਾਂ ਦੇ ਵਿਚ ਕਿਹਾ ਸੀ ਕਿ ਪਰਮੇਸ਼ੁਰ ਜਾਣਦਾ ਹੈ ਕਿ ਕਿਵੇਂ "ਕੁਧਰਮੀਆਂ ਨੂੰ ਨਿਆਉਂ ਦੇ ਦਿਨ ਤੀਕ ਸਜ਼ਾ ਦੇ ਹੇਠ ਰੱਖਣਾ ਹੈ।" ਹੁਣ ਉਹ ਤੁਰੰਤ ਵਿਸ਼ੇਸ਼ ਤੌਰ ਤੇ ਝੂਠੇ ਗੁਰੂਆਂ ਵੱਲ ਮੁੜਿਆ। ਉਸ ਨੇ ਦੋ ਅਧਾਰਾਂ ਤੇ ਇਨ੍ਹਾਂ ਕੁਧਰਮੀ ਗੁਰੂਆਂ ਨੂੰ ਦੋਸ਼ੀ ਠਹਿਰਾਇਆ: (1) ਉਹ **ਸਰੀਰ ਦੇ ਅਨੁਸਾਰ ਗੰਦੀ ਕਾਮਨਾ ਵਿੱਚ**

**ਚੱਲਦੇ ਹਨ ਅਤੇ** (2) **ਹਕੂਮਤ ਨੂੰ ਤੁੱਛ ਜਾਣਦੇ ਹਨ।** ਪਹਿਲੇ ਵਾਕ ਦੇ ਲਈ ਰਸੂਲ ਨੇ ਕਠੋਰ ਸ਼ਬਦਾਂ ਦੀ ਵਰਤੋਂ ਕੀਤੀ। ਸ਼ਾਬਦਿਕ ਅਨੁਵਾਦ ਵਿਚ ਇਹ ਲਿਖਿਆ ਹੈ, "ਪਰ ਬਹੁਤ ਕਰਕੇ ਜੋ ਗੰਦੀ ਕਾਮਨਾ ਵਿੱਚ ਚੱਲਦੇ ਹਨ।" ਹੁਣ ਤੱਕ ਸਦੂਮ ਪਤਰਸ ਦਾ ਵਿਸ਼ਾ ਸੀ। ਯਹੂਦਾਹ ਦੇ ਉਲਟ, ਪਤਰਸ ਨੇ ਸਿੱਧੇ ਤੌਰ ਤੇ ਸ਼ਹਿਰ ਦੀ ਸਮਲਿੰਗਤਾ ਦਾ ਹਵਾਲਾ ਨਹੀਂ ਦਿੱਤਾ, ਪਰ ਇੱਥੇ ਸ਼ਬਦਾਵਲੀ ਵਿਚ ਲੌਂਡੇਬਾਜ਼ੀ ਦੇ ਸਾਰੇ ਨਿਸ਼ਾਨ ਮੌਜੂਦ ਹਨ। ਇਹ ਸ਼ਬਦ ਉਸ ਹਮਲੇ ਦੀ ਸ਼ੁਰੂਆਤ ਕਰ ਰਹੇ ਸਨ ਜੋ ਰਸੂਲ ਨੇ ਝੂਠੇ ਗੁਰੂਆਂ ਦੀ ਜੀਵਨ ਸ਼ੈਲੀ ਤੇ ਕੀਤਾ ਸੀ।

ਝੂਠੇ ਗੁਰੂ ਨੇ ਕਿਸ "ਅਧਿਕਾਰ" ਨੂੰ "ਤੁੱਛ" ਸਮਝਿਆ ਉਹ ਪੂਰੀ ਤਰ੍ਹਾਂ ਦੇ ਨਾਲ ਸਪਸ਼ੱਟ ਨਹੀਂ ਹੈ। ਯੂਨਾਨੀ ਸ਼ਬਦ κυριότης (*ਕੁਰੀਓਟਸ*) ਈਸ਼ੁਰੀ ਅਧਿਕਾਰ ਦਾ, ਸ਼ਾਇਦ ਪਰਮੇਸ਼ੁਰ ਦੇ, ਜਾਂ ਉਨ੍ਹਾਂ ਦੇ ਦੂਤਾਂ ਦੇ ਅਧਿਕਾਰ ਦਾ ਸੁਝਾਅ ਦਿੰਦਾ ਹੈ। ਜਦਕਿ ਪਤਰਸ ਨੇ ਪਹਿਲਾਂ ਤੋਂ ਹੀ ਉਨ੍ਹਾਂ ਦੂਤਾਂ ਦਾ ਹਵਾਲਾ ਦਿੱਤਾ ਜਿਨ੍ਹਾਂ ਨੇ ਪਾਪ ਕੀਤਾ ਸੀ (2:4) ਅਤੇ ਜਦਕਿ ਹੇਠਾਂ ਲਿਖੀਆਂ ਆਇਤਾਂ ਵਿਚ ਉਹ ਫਿਰ ਤੋਂ ਦੂਤਾਂ ਦਾ ਉਲੇਖ ਕਰੇਗਾ, ਪਰ ਤਾਂ ਵੀ ਉੱਥੇ ਕੋਈ ਸੰਕੇਤ ਨਹੀਂ ਹੈ ਕਿ ਝੂਠੇ ਗੁਰੂਆਂ ਦੀ ਦੂਤਾਂ ਜਾਂ ਦੂਤਾਂ ਦੇ ਅਧਿਕਾਰ ਤੇ ਕੋਈ ਸੰਵੇਗਾਤਮਕ ਅਧੀਨਤਾ ਹੈ। ਬਾਅਦ ਵਿਚ ਰਹੱਸਵਾਦੀ ਕਲਪਨਾ ਵਿਚ ਦੂਤਾਂ ਦੇ ਮਹੱਤਵ ਨੂੰ ਜਾਣਨ ਤੋਂ ਬਾਅਦ, ਜਿਹੜੇ ਲੋਕ ਇਹ ਮੰਨਦੇ ਹਨ ਕਿ ਝੂਠੇ ਗੁਰੂਆਂ ਦੇ ਰਹੱਸਵਾਦੀ ਰੁਝਾਨ ਸਨ ਉਹ ਲੋਕ ਇਹ ਸਮਝਣ ਦੀ ਇੱਛਾ ਰੱਖਦੇ ਹਨ ਕਿ ਅਧਿਕਾਰ ਦੂਤਾਂ ਦੇ ਸਮਾਨ ਹੋਣੇ ਚਾਹੀਦੇ ਹਨ। ਭਾਵੇਂ ਪਤਰਸ ਨੇ ਝੂਠੇ ਗੁਰੂਆਂ ਨੂੰ ਉਨ੍ਹਾਂ ਦੇ ਹੰਕਾਰੀ, ਮਨ ਮਰਜ਼ੀ ਦੇ ਤਰੀਕਿਆਂ ਦੇ ਕਾਰਨ ਦੋਸ਼ੀ ਠਹਿਰਾਇਆ (2:10, 18), ਪਰ ਇਹ ਸੰਭਾਵਨਾ ਹੈ ਕਿ ਉਨ੍ਹਾਂ ਨੇ ਮਸੀਹ ਦੇ ਅਧਿਕਾਰ ਜਾਂ ਉਸ ਅਧਿਕਾਰ ਨੂੰ ਜੋ ਉਸ ਨੇ ਆਪਣੇ ਰਸੂਲਾਂ ਨੂੰ ਸੌਂਪਿਆ ਸੀ ਉਸ ਨੂੰ ਖਾਰਿਜ ਕਰ ਦਿੱਤਾ ਸੀ। ਝੂਠੇ ਗੁਰੂਆਂ ਨੇ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਦਿੱਤੀਆਂ ਗਈਆਂ ਸਿੱਖਿਆਵਾਂ ਨੂੰ ਤੁੱਛ ਸਮਝਿਆ ਸੀ।

## ਝੂਠੀ ਸਿੱਖਿਆ ਦੇਣ ਵਾਲਿਆਂ ਦਾ ਚਰਿੱਤਰ (2:10-16)

**10ਓਹ ਢੀਠ ਅਤੇ ਮਨ ਮਤੀਏ ਹਨ ਅਤੇ ਪਰਤਾਪ ਵਾਲਿਆਂ ਦੀ ਨਿੰਦਿਆ ਕਰਨੋਂ ਨਹੀਂ ਡਰਦੇ 11ਭਾਵੇਂ ਦੂਤ ਜਿਹੜੇ ਬਲ ਅਤੇ ਸਮਰੱਥਾ ਵਿਚ ਉਨ੍ਹਾਂ ਨਾਲੋਂ ਵੱਡੇ ਹਨ ਮਿਹਣਾ ਮਾਰ ਕੇ ਪ੍ਰਭु ਦੇ ਅੱਗੇ ਉਨ੍ਹਾਂ ਉੱਤੇ ਦੋਸ਼ ਨਹੀਂ ਲਾਉਂਦੇ ਹਨ। 12ਪਰ ਏਹ ਲੋਕ ਉਨ੍ਹਾਂ ਪਸੂਆਂ ਦੀ ਨਿਆਈਂ ਜਿਹੜੇ ਅਸਲੋਂ ਬੁੱਧਹੀਣ ਹਨ ਅਤੇ ਸ਼ਿਕਾਰ ਕੀਤੇ ਜਾਣ ਅਤੇ ਨਸ਼ਟ ਹੋਣ ਲਈ ਉਤਪਤ ਹੋਏ ਜਿਨ੍ਹਾਂ ਗੱਲਾਂ ਨੂੰ ਨਹੀਂ ਸਮਝਦੇ ਹਨ ਏਹਨਾਂ ਦੇ ਵਿਖੇ ਕੁਫ਼ਰ ਬਕਦੇ ਹੋਏ ਉਨ੍ਹਾਂ ਦੇ ਨਾਸ ਕਰਨ ਨਾਲ ਆਪੇ ਨਾਸ ਹੋਣਗੇ ਅਤੇ ਕੁਧਰਮ ਕਰਕੇ ਕੁਧਰਮ ਦਾ ਫਲ ਭੋਗਣਗੇ। 13ਦਿਨੇ ਓਹ ਭੋਗ ਬਿਲਾਸ ਵਿੱਚ ਖੁਸ਼ ਹੁੰਦੇ ਹਨ, ਓਹ ਕਲੰਕ ਅਤੇ ਦਾਗ ਹਨ ਅਤੇ ਭਾਵੇਂ ਤੁਹਾਡੇ ਨਾਲ ਖਾਂਦੇ ਪੀਂਦੇ ਹਨ ਪਰ ਆਪਣਿਆਂ ਪ੍ਰੇਮ ਭੋਜਨਾਂ ਵਿੱਚ ਭੋਗ ਬਿਲਾਸ ਕਰਦੇ ਹਨ। 14ਉਨ੍ਹਾਂ ਦੀਆਂ ਅੱਖਾਂ ਵਿਭਚਾਰਣ ਵੱਲ ਲੱਗੀਆਂ ਹੋਈਆਂ ਹਨ ਅਤੇ ਪਾਪ ਵੱਲੋਂ ਰੁਕ ਹੀ ਨਹੀਂ ਸੱਕਦੀਆਂ। ਓਹ ਡੋਲਣ ਵਾਲੇ ਜੀਵਾਂ ਨੂੰ ਭੁਚਲਾਉਂਦੇ ਹਨ। ਉਨ੍ਹਾਂ ਦੇ ਮਨ ਲੋਭ ਵਿੱਚ ਪੱਕੇ ਹੋਏ ਹੋਏ ਹਨ। ਓਹ ਸਰਾਪ ਦੇ ਪੁੱਤ੍ਰ ਹਨ! 15ਓਹ ਸਿੱਧੇ ਰਾਹ ਨੂੰ ਛੱਡ ਕੇ ਕੁਰਾਹ ਪੈ ਗਏ ਅਤੇ ਬਿਓਰ ਦੇ ਪੁੱਤ੍ਰ**

**ਬਿਲਆਮ ਦੇ ਮਾਰਗ ਹੋ ਤੁਰੇ ਜਿਹ ਨੇ ਕੁਧਰਮ ਦੀ ਮਜੂਰੀ ਨੂੰ ਪਿਆਰਾ ਜਾਤਾ। [16]ਪਰ ਉਹ ਨੇ ਆਪਣੇ ਅਪਰਾਧ ਪਿੱਛੇ ਝਿੜਕ ਖਾਧੀ। ਇੱਕ ਬੇਜ਼ੁਬਾਨ ਖੋਤੀ ਨੇ ਮਨੁੱਖ ਦੀ ਬੋਲੀ ਵਿੱਚ ਬੋਲ ਕੇ ਓਸ ਨਬੀ ਦੇ ਸ਼ੁਦਾਪੁਣੇ ਨੂੰ ਰੋਕ ਦਿੱਤਾ।**

ਆਪਣੇ ਪਾਠਕਾਂ ਨੂੰ ਇਹ ਭਰੋਸਾ ਦਿਵਾਉਣ ਤੋਂ ਬਾਅਦ ਕਿ ਝੂਠੇ ਗੁਰੂਆਂ ਦੇ ਉੱਤੇ ਪਰਮੇਸ਼ੁਰ ਦੀ ਸਜ਼ਾ ਨਿਸ਼ਚਤ ਸੀ, ਰਸੂਲ ਨੇ ਉਨ੍ਹਾਂ ਦੇ ਚਰਿੱਤਰ ਤੇ ਸੰਪੂਰਣ ਤੌਰ ਤੇ ਹਮਲਾ ਸ਼ੁਰੂ ਕੀਤਾ। ਅਸੀਂ ਚਾਹੁੰਦੇ ਹਾਂ ਕਿ ਉਹ ਸਾਨੂੰ ਉਸ ਸਿੱਖਿਆ ਦੇ ਬਾਰੇ ਹੋਰ ਵੀ ਸਿਖਾਵੇ ਜੋ ਉਨ੍ਹਾਂ ਨੇ ਸਿਖਾਈ ਸੀ। ਸਿੱਖਿਆ ਦੇਣ ਵਾਲੀਆਂ ਪੱਛਮੀ ਸੰਸਕ੍ਰਿਤੀਆਂ ਸੁਭਾਵਾਂ ਨੂੰ ਛੱਡ ਕੇ ਤੱਥਾਂ ਤੇ ਚਰਚਾ ਕਰਨੀ ਚਾਹੁੰਦੀਆਂ ਹਨ। ਪੁਰਾਤਨ ਸੰਸਾਰ ਦੇ ਵਿਚ, ਵਿਅਕਤੀ ਅਤੇ ਸੰਦੇਸ਼ ਨੂੰ ਹੋਰ ਵੀ ਬਾਰੀਕੀ ਦੇ ਨਾਲ ਜੋੜਿਆ ਗਿਆ ਹੈ।

**ਆਇਤ 10.** ਪਹਿਲੀ ਗੱਲ ਜਿਸ ਨੂੰ ਪਤਰਸ ਨੇ ਦ੍ਰਿੜ ਕੀਤਾ ਸੀ ਉਹ ਸੀ ਕਿ ਝੂਠੇ ਗੁਰੂ ਸਿਰਫ ਆਪਣੇ ਆਪ ਨੂੰ ਅਧਿਕਾਰੀ ਸਮਝਦੇ ਸਨ ਹੋਰ ਕਿਸੇ ਨੂੰ ਵੀ ਨਹੀਂ। ਉਹ **ਢੀਠ** ਅਤੇ **ਮਤ ਮਤੀਏ** ਸਨ। ਪਾਪ ਦੀ ਸ਼ੁਰੁਆਤ ਇੱਕ ਆਤਮਪੁਰਤੀ ਘਮੰਡ ਹੈ। ਹੋਰਨਾਂ ਚੀਜ਼ਾਂ ਤੋਂ ਇਲਾਵਾ, ਧਾਰਮਿਕਤਾ ਵਿਚ ਆਪਣੇ ਭੈਣਾਂ ਅਤੇ ਭਰਾਵਾਂ ਕੋਲੋਂ ਸਿੱਖਣ ਲਈ ਨਿਮਰਤਾ ਦੀ ਲੋੜ ਹੁੰਦੀ ਹੈ। 2 ਪਤਰਸ ਦੇ ਝੂਠੇ ਗੁਰੁ ਪਰਮੇਸ਼ੁਰ ਦੀ ਵੱਲੋਂ ਮਿਲੇ ਹੋਏ ਆਪਣੇ "ਪ੍ਰਕਾਸ਼ਣਾਂ" ਤੇ ਨਿਰਭਰ ਕਰਨ ਵਾਲੇ ਆਖਰੀ ਲੋਕ ਨਹੀਂ ਸਨ, ਜੋ ਬਾਈਬਲ ਵਿਚਲੀਆਂ ਅਤੇ ਉਨ੍ਹਾਂ ਬੁੱਧੀਮਾਨ ਲੋਕਾਂ ਵੱਲੋਂ ਮਿਲੀਆਂ ਹੋਈਆਂ ਹਿਦਾਇਤਾਂ ਨੂੰ ਤੁੱਛ ਸਮਝਦੇ ਸਨ, ਜੋ ਵਧੇਰੇ ਸਿਆਣੇ ਹੋਣ ਦੇ ਕਾਰਨ ਉਨ੍ਹਾਂ ਦੀ ਅਗਵਾਈ ਸਹੀ ਤਰੀਕੇ ਦੇ ਨਾਲ ਕਰ ਸਕਦੇ ਹਨ।

ਉਨ੍ਹਾਂ ਦੇ "ਢੀਠ" ਅਤੇ "ਮਤ ਮਤੀਏ" ਰਵੱਈਏ ਦੀ ਉਦਾਹਰਣ ਦੇ ਤੌਰ ਤੇ, ਪਤਰਸ ਨੇ ਕਿਹਾ ਕਿ ਝੂਠੇ ਗੁਰੂ **ਪਰਤਾਪ ਵਾਲਿਆਂ ਦੀ ਨਿੰਦਿਆ ਕਰਨੋਂ ਨਹੀਂ ਡਰਦੇ**। ਇਸ ਪਿਛਲੇ ਵਾਕ ਦੇ ਅਨੁਵਾਦਾਂ ਵਿਚ ਕਾਫੀ ਭਿੰਨਤਾ ਹੈ। NRSV ਵਿਚ ਲਿਖਿਆ ਹੈ, "ਉਹ ਪਰਤਾਪਵਾਨ ਲੋਕਾਂ ਦੀ ਨਿੰਦਾ ਕਰਨ ਤੋਂ ਨਹੀਂ ਡਰਦੇ ਹਨ।" NIV ਵਿਚ ਹੈ, "ਇਹ ਲੋਕ ਸਵਰਗੀ ਪ੍ਰਾਣੀਆਂ ਦੀ ਨਿੰਦਾ ਕਰਨੋਂ ਨਹੀਂ ਡਰਦੇ ਹਨ।" ਅਸਲੀ ਯੂਨਾਨੀ ਵਿਚ ਕਿਹਾ ਜਾਂਦਾ ਹੈ, "ਉਹ ਪਰਤਾਪਾਂ ਦੀ ਨਿੰਦਾ ਕਰਨੋਂ ਨਹੀਂ ਡਰਦੇ ਹਨ।" "ਪਰਤਾਪ" ਕੀ ਹਨ? ਸ਼ਬਦ "ਪਰਤਾਪ" (δόξα, *ਡੋਕਸਾ)* ਬਹੁਵਚਨ ਵਿਚ ਬਹੁਤ ਘੱਟ ਹੁੰਦਾ ਹੈ। ਹੋ ਸਕਦਾ ਹੈ, ਪਰ ਇਹ ਜ਼ਰੂਰੀ ਨਹੀਂ ਹੈ ਕਿ, ਇਹ ਸਵਰਗੀ ਪ੍ਰਾਣੀਆਂ ਦੀ ਹਵਾਲਾ ਦਿੰਦਾ ਹੋਵੇ। ਕਈ ਕੇਸਾਂ ਵਿਚ ਇਹ ਸ਼ਾਨਦਾਰ ਲੋਕਾਂ ਦੇ ਲਈ ਵਰਤਿਆ ਗਿਆ ਹੈ। 1 ਪਤਰਸ 1:11 ਵਿਚ, ਸ਼ਾਨਦਾਰ ਚੀਜ਼ਾਂ ਨੂੰ ਦਰਸਾਉਣ ਵਾਲਾ ਜਾਪਦਾ ਹੈ। ਸ਼ਾਇਦ ਪਤਰਸ ਕਹਿ ਰਿਹਾ ਸੀ ਕਿ ਝੂਠੇ ਗੁਰੂਆਂ ਨੇ ਰਸੂਲਾਂ ਅਤੇ ਕਲੀਸੀਆ ਦੇ ਹੋਰਨਾਂ ਆਗੂਆਂ ਦੀ ਨਿੰਦਾ ਕੀਤੀ ਸੀ। ਹਵਾਲੇ ਦਾ ਤਰਕ ਹੈ ਕਿ "ਪਰਤਾਪ" ਉਨ੍ਹਾਂ ਲੋਕਾਂ ਦਾ ਉਲੇਖ ਕਰਦਾ ਹੈ ਜੋ ਕਲੀਸੀਆ ਦੀ ਲੀਡਰਸ਼ਿਪ ਵਿਚ ਆਦਰਯੋਗ ਅਹੁਦਿਆਂ ਤੇ ਨਿਯੁਕਤ ਹਨ, ਨਾ ਕਿ ਸਵਰਗਦੂਤਾਂ ਦਾ। ਪੌਲੁਸ ਨੇ ਕਿਹਾ, ਕਲੀਸੀਆ, "ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ ਬਣੇ ਹੋਏ ਹੋ ਜਿਹ ਦੇ ਖੂੰਜੇ ਦਾ ਪੱਥਰ ਆਪ ਮਸੀਹ ਯਿਸੂ ਹੈ" (ਅਫ਼ਸੀਆਂ 2:20)। ਝੂਠੇ ਗੁਰੂਆਂ ਦੀ ਸਮੱਸਿਆ ਇਹ ਸੀ ਕਿ ਉਨ੍ਹਾਂ ਦੇ ਦਿਲਾਂ ਵਿਚ ਕਲੀਸੀਆ ਦੇ ਉਨ੍ਹਾਂ ਆਗੂਆਂ ਦੇ ਲਈ ਕੋਈ ਆਦਰ ਨਹੀਂ ਸੀ ਜਿਨ੍ਹਾਂ ਨੂੰ ਮਸੀਹ ਨੇ ਆਪਣਾ ਵਚਨ ਸੌਂਪਿਆ ਸੀ। ਸਵਰਗਦੂਤ ਆਇਤ 10 ਵਿਚ ਨਹੀਂ ਪਰ ਅਗਲੀ ਆਇਤ ਵਿਚ ਹਨ।

**ਆਇਤ 11.** ਝੂਠੇ ਗੁਰੂਆਂ ਨੇ ਉਸ ਵਿਸ਼ੇਸ਼ ਅਧਿਕਾਰ ਤੇ ਕਬਜ਼ਾ ਕਰ ਲਿਆ ਹੈ ਜਿਸ ਤੋਂ ਸਵਰਗਦੂਤਾਂ ਨੇ ਵੀ ਇਨਕਾਰ ਕਰ ਦਿੱਤਾ ਸੀ। ਉਹ ਨੇ ਕਲੀਸੀਆ ਦੇ ਆਤਮਿਕ ਆਗੂਆਂ ਦੀ ਨਿੰਦਾ ਕਰਦੇ ਹਨ, ਪਰ **ਦੂਤ ਜਿਹੜੇ ਬਲ ਅਤੇ ਸਮਰੱਥਾ ਵਿੱਚ ਉਨ੍ਹਾਂ ਨਾਲੋਂ ਵੱਡੇ ਹਨ ਮਿਹਣਾ ਮਾਰ ਕੇ ਪ੍ਰਭੂ ਦੇ ਅੱਗੇ ਉਨ੍ਹਾਂ ਉੱਤੇ ਦੋਸ਼ ਨਹੀਂ ਲਾਉਂਦੇ ਹਨ**। ਤਰਕ ਘੱਟ ਤੋਂ ਵੱਧ ਵੱਲ ਜਾਂਦਾ ਹੈ।[8] ਜੇਕਰ ਸਵਰਗਦੂਤ ਵੀ ਇਸ ਪਰਕਾਰ ਮਿਹਣਾ ਮਾਰ ਕੇ ਦੋਸ਼ੀ ਠਹਿਰਾਉਂਦੇ ਤਾਂ ਉਨ੍ਹਾਂ ਨੇ ਇਸ ਗੱਲ ਵਿਚ ਦੋਸ਼ੀ ਠਹਿਰਨਾ ਸੀ, ਤਾਂ ਝੂਠੇ ਗੁਰੂਆਂ ਦਾ ਦੋਸ਼ ਕਿੰਨਾ ਵੱਧ ਕੇ ਹੋਵੇਗਾ? ਇਹ 2:4 ਦੇ ਬਾਅਦ ਦਾ ਸਵਰਗਦੂਤਾਂ ਦਾ ਪਹਿਲਾ ਜ਼ਿਕਰ ਹੈ। ਇਹ ਝੂਠੇ ਗੁਰੂਆਂ ਦੇ ਘਮੰਡ ਦੀ ਮਿਸਾਲ ਪੇਸ਼ ਕਰਨ ਲਈ ਸ਼ੁਰੂ ਕੀਤਾ ਗਿਆ ਸੀ ਜਿਨ੍ਹਾਂ ਨੇ ਰਸੂਲਾਂ ਦੇ ਅਧਿਕਾਰ ਦਾ ਵਿਰੋਧ ਕੀਤਾ ਸੀ। ਉਨ੍ਹਾਂ ਦਾ 2:10 ਦੇ "ਪਰਤਾਪ ਵਾਲਿਆਂ" ਉੱਤੇ ਕੋਈ ਪ੍ਰਭਾਵ ਨਹੀਂ ਹੈ।

"ਵੱਡੇ" ਇੱਕ ਤੁਲਨਾਤਮਕ ਸ਼ਬਦ ਹੈ, ਪਰ ਇਹ ਗੱਲ ਸਪਸ਼ੱਟ ਨਹੀਂ ਹੈ ਕਿ ਪਤਰਸ ਕਿਹੜੇ ਲੋਕਾਂ ਦੀ ਤੁਲਨਾ ਸਵਰਗਦੂਤਾਂ ਦੇ ਨਾਲ ਕਰਨਾ ਚਾਹੁੰਦਾ ਹੈ। ਕੀ ਸਵਰਗਦੂਤ "ਬਲ ਅਤੇ ਸਮਰੱਥਾ" ਵਿਚ "ਪਰਤਾਪ ਵਾਲਿਆਂ" ਨਾਲੋਂ ਵੱਧ ਕੇ ਸਨ? ਕੀ ਉਹ ਕਲੀਸੀਆ ਦੇ ਆਗੂਆਂ ਨਾਲੋਂ ਵੱਧ ਕੇ ਸਨ, ਜਾਂ ਕੀ ਉਹ ਝੂਠੇ ਗੁਰੂਆਂ ਤੋਂ ਵੱਧ ਕੇ ਸਨ? ਜਦਕਿ ਸ਼ਾਇਦ ਹੀ ਇਹ ਕਹਿਣ ਦੀ ਲੋੜ ਹੈ ਕਿ ਸਵਰਗਦੂਤ ਝੂਠੇ ਗੁਰੂਆਂ ਤੋਂ ਵੱਧ ਕੇ ਸਨ, ਸ਼ਾਇਦ ਪਤਰਸ ਦਾ ਅਰਥ ਇਹੋ ਸੀ। ਤੁਲਨਾ ਉਨ੍ਹਾਂ ਝੂਠੇ ਗੁਰੂਆਂ ਦੀ ਲਾਪਰਵਾਹੀ ਨੂੰ ਜਾਂਚਦੀ ਹੈ ਜਿਨ੍ਹਾਂ ਨੇ ਕਲੀਸੀਆ ਦੇ ਆਗੂਆਂ ਦੇ ਵਿਰੁੱਧ ਮਿਹਣਾ ਮਾਰ ਕੇ ਦੋਸ਼ ਲਾਏ ਸਨ।

ਪਤਰਸ ਕਿਸ ਦਾ ਹਵਾਲਾ ਦੇ ਰਿਹਾ ਸੀ ਜਦੋਂ ਉਸ ਨੇ ਕਿਹਾ ਕਿ ਸਵਰਗਦੂਤ "ਮਿਹਣਾ ਮਾਰ ਕੇ ਪ੍ਰਭੂ ਦੇ ਅੱਗੇ ਉਨ੍ਹਾਂ ਉੱਤੇ ਦੋਸ਼ ਨਹੀਂ ਲਾਉਂਦੇ ਹਨ"? 2:10 ਵਿਚ "ਪਰਤਾਪ ਵਾਲਿਆਂ" ਦੀ ਪਹਿਚਾਣ ਤੇ ਨਿਰਭਰ ਕਰਦਾ ਹੈ, ਪਾਠ ਪੁਸਤਕ ਦਾ ਪੜਨਾਂਵ "ਉਨ੍ਹਾਂ" ਵੱਖਰਾ ਹੋਵੇਗਾ। ਜੇਕਰ ਅਸੀਂ NASB ਦੇ ਅਨੁਵਾਦ ਦੀ ਪਾਲਣਾ ਕਰਦੇ ਹਾਂ, ਜੇਕਰ ਅਸੀਂ "ਪਰਤਾਪ ਵਾਲਿਆਂ" ਦੇ ਲਈ ਸਵਰਗਦੂਤਾਂ ਨੂੰ ਲੈਂਦੇ ਹਾਂ, ਤਾਂ ਉਨ੍ਹਾਂ ਦਾ ਪੂਰਵ-ਇਤਹਾਸ ਝੂਠੇ ਗੁਰੂ ਹਨ। ਭਾਵ ਇਹ ਹੈ ਕਿ, "ਝੂਠੇ ਗੁਰੂ ਪਰਤਾਪ ਵਾਲਿਆਂ ਨੂੰ ਮਿਹਣਾ ਮਾਰਨ ਤੋਂ ਸੰਕੋਚ ਨਹੀਂ ਕਰਦੇ ਹਨ, ਤਾਂ ਵੀ ਆਪ ਸਵਰਗਦੂਤ ਵੀ ਮਿਹਣਾ ਮਾਰ ਕੇ ਝੂਠੇ ਗੁਰੂਆਂ ਤੇ ਦੋਸ਼ ਨਹੀਂ ਲਾਉਂਦੇ ਹਨ।" ਪਰ, ਜੇਕਰ "ਪਰਤਾਪ ਵਾਲੇ" ਕਲੀਸੀਆ ਦੇ ਆਗੂ ਹਨ, ਜਿਵੇਂ ਅਸੀਂ ਉਨ੍ਹਾਂ ਦੇ ਹੋਣ ਦਾ ਵਿਸ਼ਵਾਸ ਕਰਦੇ ਹਾਂ, ਤਾਂ ਭਾਵ ਹੈ, "ਝੂਠੇ ਗੁਰੂ ਕਲੀਸੀਆ ਦੇ ਆਗੂਆਂ ਨੂੰ ਮਿਹਣਾ ਮਾਰਨ ਤੋਂ ਸੰਕੋਚ ਨਹੀਂ ਕਰਦੇ ਹਨ, ਜਦਕਿ ਸਵਰਗਦੂਤ ਵੀ ਕਲੀਸੀਆ ਦੇ ਆਗੂਆਂ ਦੇ ਵਿਰੁੱਧ ਮਿਹਣਾ ਮਾਰ ਕੇ ਦੋਸ਼ ਨਹੀਂ ਲਾਉਂਦੇ ਹਨ।"

**ਆਇਤ 12.** ਅੱਗੇ, ਰਸੂਲ ਨੇ, ਝੂਠੇ ਗੁਰੂਆਂ ਦੇ ਵਿਰੁੱਧ ਕਠੋਰ, ਅਪਮਾਨਜਨਕ ਭਾਸ਼ਾ ਦੇ ਅਜਿਹੇ ਬੰਨ ਨੂੰ ਖੋਲ੍ਹ ਦਿੱਤਾ, ਜਿਸ ਦੀ ਬਰਾਬਰੀ, ਸ਼ਾਇਦ ਯਹੂਦਾਹ ਦੇ ਸਮਾਂਤਰ ਹਵਾਲੇ ਨੂੰ ਛੱਡ ਕੇ, ਬਾਈਬਲ ਵਿਚ ਹੋਰ ਕਿਤੇ ਵੀ ਨਹੀਂ ਕੀਤੀ ਜਾ ਸਕਦੀ ਹੈ। ਅਜਿਹਾ ਲੱਗਦਾ ਹੈ ਕਿ ਪਤਰਸ ਝੂਠੇ ਗੁਰੂਆਂ ਨਾਲ ਉਹੀ ਕੰਮ ਕਰ ਰਿਹਾ ਸੀ ਜਿਸ ਦੇ ਆਪਣੇ ਆਪ ਅਤੇ ਕਲੀਸੀਆ ਦੇ ਹੋਰਨਾਂ ਆਗੂਆਂ ਦੇ ਨਾਲ ਕਰਨ ਦੇ ਲਈ ਉਸ ਨੇ ਉਨ੍ਹਾਂ ਦੀ ਨਿੰਦਾ ਕੀਤੀ ਸੀ। ਉਸ ਨੇ ਉਨ੍ਹਾਂ ਦੀ ਨਿੰਦਾ ਕਰ ਕੇ ਉਨ੍ਹਾਂ ਉੱਤੇ ਨਿਆਂ ਨੂੰ ਲਗਾ ਦਿੱਤਾ। ਉਸ ਨੇ ਕਿਹਾ, ਇਹ ਝੂਠੇ ਗੁਰੂ, **ਉਨ੍ਹਾਂ ਪਸੂਆਂ ਦੀ ਨਿਆਈਂ ਜਿਹੜੇ ਅਸਲੋਂ ਬੁੱਧਹੀਨ** ਸਨ।

ਉਹ **ਸ਼ਿਕਾਰ ਕੀਤੇ ਜਾਣ ਅਤੇ ਨਸ਼ਟ ਹੋਣ ਲਈ ਉਤਪਤ ਹੋਏ** ਸਨ। ਪਤਰਸ ਦੇ ਲਈ ਝੂਠੇ ਗੁਰੂਆਂ ਦੀ ਪ੍ਰੇਰਣਾ, ਵਿਹਾਰ ਜਿਸ ਦੀ ਉਹ ਵਕਾਲਤ ਕਰਦੇ ਅਤੇ ਉਨ੍ਹਾਂ ਦੀ ਸਿੱਖਿਆ ਦੇ ਪਦਾਰਥ ਅਟੁੱਟ ਸਨ। ਉਸ ਨੇ ਉਨ੍ਹਾਂ ਦਾ ਪੂਰੀ ਤਰ੍ਹਾਂ ਨਾਲ ਮੁਲਾਂਕਣ ਕੀਤਾ ਕਿ ਉਹ ਕੀ ਸਨ ਅਤੇ ਉਨ੍ਹਾਂ ਨੇ ਕੀ ਪ੍ਰਭਾਵ ਪੈਦਾ ਕੀਤੇ ਸਨ। ਜਿੱਦੀ, ਜੋ ਗੱਲਾਂ ਨੂੰ ਨਹੀਂ ਸਮਝਦੇ। ਉਨ੍ਹਾਂ ਨਾਲ ਨਿਪਟਣ ਦਾ ਇੱਕੋ ਤਰੀਕਾ ਉਨ੍ਹਾਂ ਦਾ ਸਾਹਮਣਾ ਕਰਨਾ ਸੀ ਕਿਉਂਕਿ ਉਹ ਨੀਚ ਪ੍ਰਾਣੀ ਸਨ। ਕਾਰਨ ਦਾ ਕੋਈ ਲਾਭ ਨਹੀਂ ਸੀ। ਉਹ ਜੰਗਲੀ ਜਾਨਵਰਾਂ ਦੇ ਵਾਂਗ ਸਿਰਫ ਬਲ ਨੂੰ ਸਮਝਦੇ ਸਨ। ਉਨ੍ਹਾਂ ਦੇ ਵਿਸ਼ੇ ਵਿਚ ਕੋਈ ਸੂਖਮ ਬੁੱਧੀ ਨਹੀਂ ਸੀ। ਉਨ੍ਹਾਂ ਨੇ ਆਪਣੇ ਸੁੱਖ ਦੀ ਸੇਵਾ ਕੀਤੀ।

ਅਜਿਹੇ ਮੌਕੇ ਹੁੰਦੇ ਹਨ ਜਦੋਂ ਕਿਸੇ ਨੂੰ ਉਨ੍ਹਾਂ ਲੋਕਾਂ ਦੇ ਸਾਹਮਣੇ ਕਿਸੇ ਨੂੰ ਬੇਨਤੀ ਕਰਨੀ ਅਤੇ ਤਰਕ ਦੇਣਾ ਚਾਹੀਦਾ ਹੈ ਜੋ ਵਿਸ਼ਵਾਸ ਵਿਚ ਕੱਚੇ ਹੁੰਦੇ ਹਨ ਅਤੇ ਜਵਾਬਾਂ ਦੇ ਲਈ ਖੋਜ ਕਰ ਰਹੇ ਹੁੰਦੇ ਹਨ। ਕੁਝ ਲੋਕ ਉਸ ਸਮੇਂ ਬਚਾਏ ਜਾਣਗੇ ਜਦੋਂ ਉਹ ਲੋਕ ਜੋ ਵਿਸ਼ਵਾਸ ਵਿਚ ਵਧੇਰੇ ਸਿਆਣੇ ਹਨ ਉਨ੍ਹਾਂ ਨੂੰ "ਅੱਗ ਵਿਚੋਂ ਧੂ ਖਿੱਚ ਕੇ" (ਯਹੂਦਾਹ 23) ਕੱਢਣਗੇ। ਉਹ ਗੁਰੂ ਜਿਨ੍ਹਾਂ ਦਾ ਪਤਰਸ ਨੇ ਸਾਹਮਣਾ ਕੀਤਾ ਉਹ ਆਪਣੀ ਬਗਾਵਤ ਵਿਚ ਸਖਤ ਹੋ ਗਏ ਸਨ। ਉਨ੍ਹਾਂ ਨੇ ਵਿਸ਼ਵਾਸ ਦੀਆਂ ਦ੍ਰਿੜ ਮੰਗਾਂ ਦਾ ਮਖੌਲ ਉਡਾਇਆ ਹੈ, **ਜਿਨ੍ਹਾਂ ਗੱਲਾਂ ਨੂੰ ਨਹੀਂ ਸਮਝਦੇ ਹਨ ਏਹਨਾਂ ਦੇ ਵਿਖੇ ਕੁਫ਼ਰ** ਬਕਿਆ ਹੈ। ਉਨ੍ਹਾਂ ਨੇ ਹੰਕਾਰ ਦੇ ਨਾਲ ਕਠੋਰਤਾ ਤੋਂ ਰਹਿਤ, ਇੱਕ ਅਨੈਤਿਕ ਜੀਵਨ ਸ਼ੈਲੀ ਦੀ ਹਿਮਾਇਤ ਕੀਤੀ। ਉੱਥੇ ਕੁਝ ਵੀ ਨਹੀਂ ਕਰਨਾ ਸੀ ਪਰ ਉਨ੍ਹਾਂ ਦੇ ਉਸ ਖੇਤਰ ਦਾ ਸਾਹਮਣਾ ਕਰਨਾ ਸੀ ਜਿਸ ਨੂੰ ਉਨ੍ਹਾਂ ਨੇ ਚੁਣਿਆ ਸੀ, ਇੱਕ ਖੇਡ ਦਾ ਮੈਦਾਨ ਜਿੱਥੇ ਕਾਰਨ ਨੂੰ ਛੱਡ ਦਿੱਤਾ ਗਿਆ ਸੀ। ਅੰਤਿਮ ਦਿਨ, ਜਦੋਂ ਪ੍ਰਭੂ ਆਵੇਗਾ, "ਕੁਦਰਤੀ ਸੂਝ ਵਾਲੇ ਪ੍ਰਾਣੀ," ਜਾਂ "ਪਸ਼ੂਆਂ ਵਰਗੇ ਜ਼ਾਲਮ ਵਿਅਕਤੀ" (KJV), ਨਾਸ ਹੋ ਜਾਣਗੇ। ਉਸੇ ਸਮੇਂ ਝੂਠੇ ਗੁਰੂ **ਉਨ੍ਹਾਂ ਦੇ ਨਾਸ ਕਰਨ ਦੇ ਨਾਲ ਆਪੇ ਨਾਸ ਹੋਣਗੇ**। ਭਾਵੇਂ ਉਹ ਕਲੀਸੀਆਵਾਂ ਵਿਚ ਤਬਾਹੀ ਦਾ ਕਾਰਨ ਰਹੇ ਹੋਣ, ਉਨ੍ਹਾਂ ਦਾ ਅੰਤ ਨਿਸ਼ਚਤ ਸੀ।

**ਆਇਤ 13.** ਇਸ ਆਇਤ ਵਿਚਲਾ ਸ਼ੁਰੂਆਤੀ ਸ਼ਬਦ ਪੁਰਾਣੇ ਸਮੇਂ ਦੇ ਯੂਨਾਨੀ ਨਵੇਂ ਨੇਮ ਦੀਆਂ ਲਿਖਤ ਨਕਲਾਂ ਨਾਲੋਂ ਵੱਖਰਾ ਹੈ ਜੋ ਸਾਡੇ ਤੱਕ ਪਹੁੰਚਿਆ ਹੈ। KJV κομιούμενοι (*ਕੋਮਯੂਮੀਨੋਏ*) ਪੜ੍ਹਦਾ ਹੈ ਅਤੇ ਇਸ ਅਨੁਵਾਦ ਕਰਦਾ ਹੈ, "ਅਤੇ ਕੁਧਰਮ ਦਾ ਫਲ ਭੋਗਣਗੇ।" ਜ਼ਿਆਦਾਤਰ ਸ਼ਾਬਦਿਕ ਵਿਦਵਾਨਾਂ ਦਾ ਮੰਨਣਾ ਹੈ ਕਿ ἀδικούμενοι (*ਆਡੀਕੋ-ਮੇਨਓਏ*) ਪੜ੍ਹਨ ਦੇ ਲਈ ਬੇਹਤਰ ਸਬੂਤ ਹੈ। ਇਸ ਬਾਅਦ ਵਾਲੀ ਲਿਖਤ ਦਾ ਅਨੁਸਰਣ ਕਰਦੇ ਹੋਏ, NASB ਦਾਅਵਾ ਕਰਦਾ ਹੈ ਕਿ ਝੂਠੇ ਗੁਰੂ **ਬੁਰੇ ਕੰਮਾਂ ਦੇ ਬਦਲੇ ਦੇ ਰੂਪ ਵਿਚ ਬੁਰਾਈ ਨੂੰ ਭੋਗ ਰਹੇ ਸਨ**।[9] ਬੁਰੇ ਕੰਮਾਂ ਦੇ ਫਲ ਦੇ ਰੂਪ ਵਿਚ ਬੁਰਾਈ ਨੂੰ ਭੋਗਣਾ ਇੱਕ ਦਿਲਚਸਪ ਵਿਚਾਰ ਹੈ। ਇਹ ਸੁਝਾਅ ਦਿੰਦਾ ਹੈ ਕਿ ਕੋਈ ਵੀ ਪਾਪ ਤੋਂ ਛੁੱਟ ਨਹੀਂ ਸਕਦਾ, ਇਸ ਜੀਵਨ ਵਿਚ ਵੀ ਨਹੀਂ।

ਜੋ ਲੋਕ ਦੂਜਿਆਂ ਦੇ ਖਰਚ ਤੇ ਖੁਸ਼ੀ ਦੀ ਭਾਲ ਕਰਦੇ ਹਨ, ਜਿਨ੍ਹਾਂ ਦੇ ਲਈ ਵਫ਼ਾਦਾਰੀ, ਨਿੱਜੀ ਇਕਸਾਰਤਾ ਅਤੇ ਅਸੂਲ ਬਹੁਤ ਘੱਟ ਮਾਇਨੇ ਰੱਖਦੇ ਹਨ, ਉਹ ਚੰਗੇ ਮੌਕਿਆਂ ਨੂੰ ਮਾਨਣਾ ਚਾਹੁੰਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਜੀਵਨ ਵਿਚ ਪ੍ਰਾਥਮਿਕਤਾ ਦਿੱਤੀ ਹੁੰਦੀ ਹੈ। ਮੂਸਾ ਦੀ ਸ਼ਰਾ ਵਿਚ ਬਹੁਤ ਜ਼ਿਆਦਾ ਬਹਿਸ ਕੀਤੇ ਗਏ ਹਵਾਲੇ ਵਿਚ ਇਸ ਪ੍ਰਕਾਰ ਲਿਖਿਆ ਹੈ, ". . . ਤੁਹਾਡਾ ਪਾਪ ਤੁਹਾਡੇ ਤੇ ਆ ਪਵੇਗਾ" (ਗਿਣਤੀ 32:23)। ਸ਼ਾਇਦ ਇਹ ਆਇਤ

ਇਹ ਕਹਿ ਰਹੀ ਹੈ, "ਪਾਪ ਦੀ ਆਪਣੀ ਖੁਦ ਦੀ ਸਜ਼ਾ ਹੁੰਦੀ ਹੈ" – ਇੱਕ ਵਿਚਾਰ ਜੋ ਪਤਰਸ ਤੋਂ ਦੂਰ ਨਹੀਂ ਕੀਤਾ ਗਿਆ ਹੈ। ਅਨੰਦ ਦੀ ਅਨਿਯੰਤਰਿਤ ਲਾਲਸਾ ਲੋਕਾਂ ਨੂੰ ਦੁੱਖ ਅਤੇ ਬਰਬਾਦੀ ਦੇ ਰਾਹ ਤੇ ਲੈ ਜਾਂਦੀ ਹੈ। ਪਾਪ ਆਤਮ-ਵਿਨਾਸਕਾਰੀ ਹੈ। ਪਰਮੇਸ਼ੁਰ ਵਿਹਾਰ ਦੀ ਪ੍ਰਸ਼ੰਸਾ ਜਾਂ ਮਨਾਹੀ ਇਸ ਅਧਾਰ ਤੇ ਕਰਦਾ ਹੈ ਕਿ ਉਸ ਦਾ ਸਿੱਟਾ ਜੀਵਨ ਹੈ ਜਾਂ ਮੌਤ। ਨਾਕਾਰਾਤਮਕ ਤੌਰ ਤੇ ਕਿਹਾ ਗਿਆ ਹੈ, ਪਾਪ ਇਖਤਿਆਰੀ ਸਿਫਾਰਸ਼ ਦਾ ਉਤਪਾਦ ਨਹੀਂ ਹੈ ਜੋ ਪਰਮੇਸ਼ੁਰ ਨੇ ਮਨਮਰਜ਼ੀ ਦੇ ਨਾਲ ਦਿੱਤਾ ਹੋਵੇ। ਉਹ ਲੋਕ ਜੋ ਬੁਰਾਈ ਕਰਦੇ ਹਨ ਉਹ ਅਜਿਹੇ ਲੋਕ ਬਣਨਾ ਚਾਹੁੰਦੇ ਹਨ ਜਿਨ੍ਹਾਂ ਨੂੰ ਬੱਚੇ ਦੇ ਹਾਸੇ ਵਿਚ ਬਹੁਤ ਹੀ ਘੱਟ ਅਨੰਦ ਮਿਲਦਾ ਹੈ ਅਤੇ ਦਯਾ ਦਾ ਕੰਮ ਕਰਨ ਵਿਚ ਬਹੁਤ ਹੀ ਘੱਟ ਸੰਤੁਸ਼ਟੀ ਮਿਲਦੀ ਹੈ। ਖੁਸ਼ੀ ਦਾ ਪਿੱਛੇ ਕਰਨ ਦੀ ਪ੍ਰਕਿਰਿਆ ਵਿਚ, ਉਹ ਆਪਣੇ ਆਪ ਦੇ ਲਈ ਅਤੇ ਉਨ੍ਹਾਂ ਦੇ ਲਈ ਵੀ ਜੋ ਉਨ੍ਹਾਂ ਦੇ ਸੰਪਰਕ ਵਿਚ ਆਉਂਦੇ ਹਨ, ਇਕਦਮ ਬੁਰੇ ਲੋਕ ਬਣ ਜਾਂਦੇ ਹਨ। ਸੁਭਾਵਿਕ ਤੌਰ ਤੇ ਉਹ "ਕੁਧਰਮ ਕਰਕੇ ਕੁਧਰਮ ਦਾ ਫਲ ਭੋਗਦੇ ਹਨ।"

ਇਹ ਝੂਠੇ ਗੁਰੂ ਸਿਰਫ ਆਪਣੇ ਆਪ ਤੇ ਹੀ ਸਿੱਟੇ ਨਹੀਂ ਲਿਆਉਂਦੇ ਹਨ, ਉਹ ਮਸੀਹ ਦੇ ਸਰੀਰ ਨੂੰ ਵੀ ਭ੍ਰਿਸ਼ਟ ਕਰਦੇ ਹਨ। ਪਰਮੇਸ਼ੁਰ ਦੇ ਛੁਡਾਏ ਹੋਏ ਲੋਕਾਂ ਦੇ ਨਾਲ ਮਿਲਣ ਦੇ ਨਾਲ, **ਓਹ ਕਲੰਕ ਅਤੇ ਦਾਗ ਹਨ ਅਤੇ ਭਾਵੇਂ ਤੁਹਾਡੇ ਨਾਲ ਖਾਂਦੇ ਪੀਂਦੇ ਹਨ**। ਇੰਝ ਜਾਪਦਾ ਹੈ ਕਿ ਰਸੂਲ ਆਪਣੇ ਪਾਠਕਾਂ ਨੂੰ ਝੂਠੇ ਗੁਰੂਆਂ ਨੂੰ ਬੇਨਕਾਬ ਕਰਨ ਅਤੇ ਉਨ੍ਹਾਂ ਤੋਂ ਦੂਰ ਰਹਿਣ ਵਿਚ ਅਸਫਲ ਹੋਣ ਦੇ ਕਾਰਨ ਡਾਂਟ ਰਿਹਾ ਹੈ। REB ਅਨੁਵਾਦ ਦਾ ਪਾਠ ਰੰਗੀਨ ਅਤੇ ਯੂਨਾਨੀ ਮੂਲ ਦੀ ਭਾਵਨਾ ਦੇ ਲਈ ਸੱਚ ਹੈ: "ਦਿਨੇ ਓਹ ਭੋਗ ਬਿਲਾਸ ਵਿੱਚ ਖੁਸ਼ ਹੁੰਦੇ ਹਨ, ਓਹ ਕਲੰਕ ਅਤੇ ਦਾਗ ਹਨ ਭਾਵੇਂ ਤੁਹਾਡੇ ਨਾਲ ਖਾਂਦੇ ਪੀਂਦੇ ਹਨ ਪਰ ਆਪਣਿਆਂ ਭੋਜਨਾਂ ਵਿੱਚ ਭੋਗ ਬਿਲਾਸ ਕਰਦੇ ਹਨ।"

ਰਾਤ ਦੇ ਹਨੇਰੇ ਵਿਚ ਕੀਤਾ ਜਾਵੇ ਭਾਵੇਂ ਦਿਨ ਦਿਹਾੜੇ, ਇਸ ਨਾਲ ਪਾਪ ਘੱਟ ਵਿਨਾਸਕਾਰੀ ਨਹੀਂ ਹੁੰਦਾ ਹੈ, ਪਰ ਦਿਨ ਦੇ ਉਜਾਲੇ ਵਿਚ ਕੀਤਾ ਗਿਆ ਪਾਪ ਬੇਸ਼ਰਮੀ ਅਤੇ ਉਦਾਸੀਨਤਾ ਦੀ ਉਪਜ ਦਾ ਸੁਝਾਅ ਦਿੰਦਾ ਹੈ। ਮਤਵਾਲਾਪਨ ਅਤੇ ਉਹ ਸਭ ਕੁਝ ਜੋ ਇਸ ਦੇ ਨਾਲ ਚੱਲਦਾ ਹੈ ਉਹ ਰਾਤ ਦੇ ਪ੍ਰਾਣੀ ਹੋ ਜਾਂਦੇ ਹਨ (ਵੇਖੋ 1 ਥੱਸਲੁਨੀਕੀਆਂ 5:7)। ਉੱਥੇ ਇਸ ਦੇ ਨਾਕਾਰਾਤਮ ਅਤੇ ਸਾਕਾਰਾਤਮਕ ਦੋਵੇਂ ਪਹਿਲੂ ਹਨ। ਜਦੋਂ ਤੱਕ ਕਿਸੇ ਨੂੰ ਪਾਪ ਵਿਚ ਲਿਪਤ ਰਹਿਣ ਤੋਂ ਸ਼ਰਮ ਮਹਿਸੂਸ ਹੁੰਦੀ ਹੈ, ਸ਼ਾਇਦ ਉਹ ਸਲੀਬ ਦੇ ਸੰਦੇਸ਼ ਤੱਕ ਪਹੁੰਚ ਸਕਦਾ ਹੈ। ਉਹ ਲੋਕ ਜੋ **ਦਿਨੇ ਭੋਗ ਬਿਲਾਸ ਵਿੱਚ ਖੁਸ਼ ਹੁੰਦੇ ਹਨ** ਉਨ੍ਹਾਂ ਨੇ ਸ਼ਰਮ ਨੂੰ ਪਿੱਛੇ ਛੱਡ ਦਿੱਤਾ ਹੁੰਦਾ ਹੈ। ਕਿਸੇ ਦੀ ਪ੍ਰੇਰਣਾ ਤੇ ਨਿਰਭਰ ਕਰਦਾ ਹੈ, ਪਾਪ ਨੂੰ ਲੁਕਾਉਣਾ ਆਸ ਦੀ ਇੱਕ ਬੱਤੀ ਜਾਂ ਕਪਟ ਦਾ ਇੱਕ ਬੈਜ ਹੋ ਸਕਦਾ ਹੈ। ਕੋਈ ਵਿਅਕਤੀ ਆਪਣੇ ਪਾਪ ਨੂੰ ਇਸ ਕਾਰਨ ਲੁਕਾ ਸਕਦਾ ਹੈ ਕਿਉਂਕਿ ਉਸ ਨੂੰ ਉਸ ਤੋਂ ਸ਼ਰਮ ਆਉਂਦੀ ਹੈ ਅਤੇ ਉਹ ਬਦਲਣਾ ਚਾਹੁੰਦਾ ਹੈ। ਉਸ ਦੇ ਲਈ ਆਸ ਹੈ। ਦੂਸਰਾ ਆਪਣੇ ਪਾਪ ਨੂੰ ਇਸ ਲਈ ਲੁਕਾਉਂਦਾ ਹੈ ਕਿਉਂਕਿ ਉਹ ਅਜਿਹਾ ਹੋਣ ਦੇ ਲਈ ਪਸ਼ੰਸਾ ਚਾਹੁੰਦਾ ਹੈ ਜੋ ਹੋਣ ਦੀ ਉਸ ਨੂੰ ਇੱਛਾ ਨਹੀਂ ਹੈ। ਉਸ ਦੇ ਲਈ ਕਪਟ ਦੀ ਮਜ਼ਦੂਰੀ ਹੈ।

NASB ਸਹਿਤ ਬਹੁਤ ਸਾਰੇ ਅਨੁਵਾਦ, ਇਸ ਆਇਤ ਵਿਚ ਇੱਕ ਦੂਸਰੀ ਸ਼ਾਬਦਿਕ ਭਿੰਨਤਾ ਦਾ ਧਿਆਨ ਰੱਖਦੇ ਹਨ। ਕੁਝ ਹੱਥ ਲਿਖਤਾਂ ਵਿਚ, "ਕਪਟ" (*ἀπάταις*, *ਆਪੇਟਾਈਸ*), ਦੀ ਬਜਾਇ, "ਪ੍ਰੇਮ ਭੋਜਨਾਂ" (*ἀγαπαις*, *ਆਈਗਾਪਾਈਸ*) ਲਿਖਿਆ ਹੋਇਆ ਹੈ। ਬਾਅਦ ਵਾਲਾ ਸ਼ਬਦ ਯਹੂਦਾਹ 12 ਵਿਚ ਸਪਸ਼ੱਟ ਰੂਪ ਵਿਚ ਹੈ। ਇੱਥੋਂ ਤੱਕ

ਕਿ ਜੇਕਰ ਅਸੀਂ ਇਸ ਆਇਤ ਵਿਚ “ਕਪਟ” ਨੂੰ ਵੀ ਪੜ੍ਹਦੇ ਹਾਂ, ਤਾਂ ਵੀ ਸ਼ਾਇਦ ਪਤਰਸ ਦੇ ਮਨ ਵਿਚ ਦਾਅਵਤ ਦਾ ਹਵਾਲਾ ਹੋ ਸਕਦਾ ਹੈ। ਸਭ ਤੋਂ ਵਿਆਪਕ ਤਰੀਕਿਆਂ ਵਿਚੋਂ ਜਿਨ੍ਹਾਂ ਦੇ ਦੁਆਰਾ ਲੋਕ ਖੁੱਲ ਦਿਲੀ ਦੇ ਨਾਲ ਆਪਸੀ ਸੰਗਤ ਮਨਾਉਂਦੇ ਹਨ ਭੋਜਨ ਨੂੰ ਸਾਂਝਾ ਕਰਨਾ ਇੱਕ ਤਰੀਕਾ ਹੈ। ਬਦਕਿਸਮਤੀ ਦੇ ਨਾਲ ਅਜਿਹੀ ਸੰਗਤ ਬਦਸਲੂਕੀ ਵਿਚ ਬਦਲ ਸਕਦੀ ਹੈ। ਪੌਲੁਸ ਨੇ 1 ਕੁਰਿੰਥੀਆਂ 11:20, 21 ਵਿਚ ਇੱਕ ਕਿਸਮ ਦੀ ਬਦਸਲੂਕੀ ਦਾ ਹਵਾਲਾ ਦਿੱਤਾ ਹੈ। ਪਤਰਸ ਨੇ ਦੂਸਰੀ ਬਦਸਲੂਕੀ ਦੇ ਨਾਲ ਵਿਹਾਰ ਕੀਤਾ ਹੈ। ਜਦੋਂ ਦੁਸ਼ਟ, ਅਨੈਤਿਕ ਲੋਕਾਂ ਦਾ ਵੀ ਉਸੇ ਮੇਜ਼ ਤੇ ਸਵਾਗਤ ਹੁੰਦਾ ਹੈ ਜਿਸ ਦੇ ਉੱਤੇ ਉਹ ਲੋਕ ਵੀ ਹਨ ਜੋ ਚੇਤਨਾ ਦੇ ਨਾਲ ਪ੍ਰਭੂ ਦਾ ਸਨਮਾਨ ਕਰਨ ਦੀ ਭਾਲ ਵਿਚ ਹਨ, ਤਾਂ ਸਾਰਿਆਂ ਨੂੰ ਜੋ ਉਸ ਮੇਜ਼ ਤੇ ਬੈਠੇ ਹੁੰਦੇ ਹਨ ਉਨ੍ਹਾਂ ਸਾਰਿਆਂ ਨੂੰ ਬੁਰਸ਼ ਦੇ ਇੱਕੋ ਸਟੋਕ ਨਾਲ ਰੰਗ ਦਿੱਤਾ ਜਾਂਦਾ ਹੈ। ਪਾਪ ਨੂੰ ਸਵੀਕਾਰ ਕਰਨਾ, ਉਸ ਦੇ ਵਿਰੋਧ ਵਿਚ ਕੋਈ ਅਵਾਜ਼ ਨਾ ਚੁੱਕਣਾ, ਇਸ ਦਾ ਸਮਰਥਨ ਕਰਨਾ ਹੁੰਦਾ ਹੈ। ਜਦੋਂ ਕਲੀਸੀਆ ਵਿਚ ਪਾਪ ਨੂੰ ਬਰਦਾਸ਼ਤ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਲੋਕਾਂ ਦੇ ਕੋਲ ਜੋ ਮਸੀਹ ਨੂੰ ਗ੍ਰਹਿਣ ਕੀਤੇ ਹੋਏ ਹਨ ਦੁਨੀਆਂ ਦੇ ਸਾਹਮਣੇ ਪੇਸ਼ ਕਰਨ ਦੇ ਲਈ ਕੋਈ ਵਿਕਲਪ ਨਹੀਂ ਹੁੰਦਾ ਹੈ। ਉਹ ਲੋਕ ਜੋ ਮਸੀਹ ਤੋਂ ਬਾਹਰ ਹਨ ਉਹ ਮਖੌਲ ਉਡਾਉਂਣ ਦੀ ਕੋਸ਼ਿਸ਼ ਕਰਦੇ ਹਨ; ਦੇਹੀ ਦੇ ਵਿਚ ਜੋ ਲੋਕ ਕਮਜ਼ੋਰ ਹੁੰਦੇ ਹਨ ਉਹ ਸਨਕੀ ਬਣ ਜਾਂਦੇ ਹਨ ਅਤੇ ਉਸ ਮੌਤ ਦੇ ਦੁਆਰਾ ਤੇਜ਼ੀ ਦੇ ਨਾਲ ਹਿਲਾਏ ਜਾਂਦੇ ਹਨ ਜਿਸ ਨੂੰ ਪਾਪ ਲੈ ਕੇ ਆਉਂਦਾ ਹੈ।

**ਆਇਤ 14.** ਪਤਰਸ ਨੇ ਇਸ ਖੰਡ ਨੂੰ ਉਨ੍ਹਾਂ ਲੋਕਾਂ ਦੇ ਵਿਸ਼ੇ ਵਿਚ ਦੱਸਣ ਦੇ ਦੁਆਰਾ ਸ਼ੁਰੂ ਕੀਤਾ ਜਿਨ੍ਹਾਂ ਨੂੰ ਉਸ ਨੇ “ਝੂਠੇ ਗੁਰੂ” ਕਿਹਾ ਸੀ। ਭਾਵੇਂ ਉਨ੍ਹਾਂ ਦਾ ਚਰਿੱਤਰ ਅਤੇ ਉਨ੍ਹਾਂ ਦਾ ਵਿਹਾਰ ਉਸ ਦਾ ਕੇਂਦਰ ਸਨ, ਨਾ ਕਿ ਉਨ੍ਹਾਂ ਦੀਆਂ ਸਿੱਖਿਆਵਾਂ। ਉਹ ਪੂਰੀ ਤਰ੍ਹਾਂ ਦੇ ਨਾਲ ਚਰਿੱਤਰ ਭ੍ਰਿਸ਼ਟ ਹੋ ਗਏ ਸਨ, **ਉਨ੍ਹਾਂ ਦੀਆਂ ਅੱਖਾਂ ਵਿਭਚਾਰਣ ਵੱਲ ਲੱਗੀਆਂ ਹੋਈਆਂ ਹਨ ਅਤੇ ਪਾਪ ਵੱਲੋਂ ਰੁਕ ਹੀ ਨਹੀਂ ਸੱਕਦੀਆਂ**। ਅਨੁਵਾਦ ਦੇ ਬਾਵਜੂਦ, ਰਸੂਲ ਨੇ “ਵਿਭਚਾਰ” (μοιχεία, *ਮੋਈਚੇਆ*), ਦੇ ਲਈ ਆਮ ਸ਼ਬਦ ਦਾ ਇਸਤੇਮਾਲ ਨਹੀਂ ਕੀਤਾ ਸੀ। ਸ਼ਾਬਦਿਕ ਤੌਰ ਤੇ ਉਸ ਨੇ ਕਿਹਾ ਉਨ੍ਹਾਂ ਦੀਆਂ ਅੱਖਾਂ “ਵਿਭਚਾਰਣ ਵੱਲ ਲੱਗੀਆਂ ਹੋਈਆਂ ਹਨ” (μοιχαλίς, *ਮੋਏਚਾਲਸ*)।

ਜੇਕਰ ਅਸੀਂ ਉਸ ਸ਼ਬਦ ਨੂੰ ਗੰਭੀਰਤਾ ਦੇ ਨਾਲ ਲਈਏ ਜੋ ਪਤਰਸ ਨੇ ਇਸਤੇਮਾਲ ਕੀਤਾ ਸੀ, ਤਾਂ ਉਹ ਸਪਸ਼ੱਟ ਤੌਰ ਤੇ ਕਹਿ ਰਿਹਾ ਸੀ ਕਿ ਇਹ ਗੁਰੂ ਸਿਰਫ ਇਹ ਜਾਣਦੇ ਹਨ ਕਿ ਇੱਕ ਇਸਤਰੀ ਨੂੰ ਜਿਨਸੀ ਸੰਤੁਸ਼ਟੀ ਦੀ ਇੱਕ ਵਸਤੂ ਦੇ ਰੂਪ ਵਿਚ ਕਿਵੇਂ ਵੇਖਣਾ ਹੈ। ਜਿਵੇਂ ਅੱਜ ਵੀ ਕੁਝ ਲੋਕ ਅਸ਼ਲੀਲਤਾ ਨੂੰ ਫੈਲਾਉਂਦੇ ਅਤੇ ਉਸ ਵਿਚ ਖੁਸ਼ ਰਹਿੰਦੇ ਹਨ, ਉਹ ਇਸਤਰੀ ਨੂੰ ਇੱਕ ਅਜਿਹੇ ਵਿਅਕਤੀ ਦੇ ਰੂਪ ਵਿਚ ਨਹੀਂ ਵੇਖ ਸਕਦੇ ਹਨ ਜਿਸ ਦੇ ਨਾਲ ਉਹ ਸਾਰਥਕ ਸੰਬੰਧ ਵਿਚ ਭਾਗੀਦਾਰ ਹੋ ਸਕਦੇ ਹਨ। ਇਸ ਦੀ ਬਜਾਇ, ਉਹ ਇੱਕ ਵਸਤੂ ਹੁੰਦੀ ਸੀ ਜਿਸ ਨੂੰ ਇਸਤੇਮਾਲ ਕੀਤਾ ਅਤੇ ਖਾਰਿਜ ਕੀਤਾ ਜਾਂਦਾ ਸੀ। ਜੋ ਲੋਕ ਝੂਠੇ ਗੁਰੂਆਂ ਦੇ ਵਾਂਗ ਹਨ ਉਹ ਇੱਕ ਬਿੰਦੂ ਤੇ ਆ ਜਾਂਦੇ ਹਨ ਜਿੱਥੇ ਉਹ ਇੱਕ ਇਸਤਰੀ ਨਾਲ ਪਿਆਰ ਕਰਨ, ਉਸ ਨਾਲ ਰਿਸ਼ਤੇ ਨੂੰ ਗ੍ਰਹਿਣ ਕਰਨ ਜਾਂ ਪ੍ਰਦਾਨ ਕਰਨ ਤੋਂ ਅਸਮਰੱਥ ਹੁੰਦੇ ਹਨ। ਉਹ “ਕਦੀ ਵੀ ਪਾਪ ਤੋਂ ਰੁੱਕ ਨਹੀਂ ਸਕਦੇ ਹਨ।”

ਪਾਪ ਦਾ ਕੋਈ ਪਰਤਾਵਾ ਨਹੀਂ ਹੁੰਦਾ ਜਦੋਂ ਤੱਕ ਉੱਥੇ ਕੋਈ ਬਿੰਦੂ ਨਹੀਂ ਹੁੰਦਾ ਜਿੱਥੇ ਇਸ ਦੀ ਇੱਕ ਅਪੀਲ ਹੁੰਦੀ ਹੈ। ਜ਼ਿਆਦਾਤਰ ਲੋਕ, ਇਸਤਰੀਆਂ ਅਤੇ ਪੁਰਖ, ਆਪਣੇ

ਆਪ ਦੇ ਵਿਚ ਸ਼ੁੱਧ ਅਤੇ ਸਧਾਰਣ ਜਿਨਸੀ ਸੰਤੁਸ਼ਟੀ ਦੀ ਮੰਗ ਨੂੰ ਪਾ ਸਕਦੇ ਹਨ। ਇਹ ਥੋੜੀ ਹੈਰਾਨੀ ਭਰੀ ਗੱਲ ਹੈ ਕਿ ਝੂਠੇ ਗੁਰੂ **ਡੋਲਣ ਵਾਲੇ** ਜੀਵਾਂ ਨੂੰ ਭੁਚਲਾ ਸਕਣ ਦੇ ਯੋਗ ਸਨ। ਉਹ ਸ਼ਬਦ ਜਿਸ ਦਾ ਅਨੁਵਾਦ **ਭੁਚਲਾਉਂਦੇ** (δελεάζω, *ਡੈਲੀਜ਼ੋ*) ਹੈ ਨਵੇਂ ਨੇਮ ਵਿਚ ਸਿਰਫ ਇੱਥੇ, 2:18 ਵਿਚ ਅਤੇ ਯਾਕੂਬ 1:14 ਵਿਚ ਇਸਤੇਮਾਲ ਹੋਇਆ ਹੈ। ਇਸ ਦਾ ਅਰਥ ਹੈ "ਚੋਗਾ ਪਾ ਕੇ ਜਾਲ ਵਿਛਾਉਣਾ" ਹੈ। ਜਿਵੇਂ ਇੱਕ ਮਛਵਾਰਾ ਆਪਣੇ ਸ਼ਿਕਾਰ ਨੂੰ ਭੁਚਲਾਉਂਦਾ ਹੈ, ਉਸ ਤਰ੍ਹਾਂ ਝੂਠੇ ਗੁਰੂ ਆਤਮਿਕ ਤੌਰ ਤੇ ਕਮਜ਼ੋਰ ਲੋਕਾਂ ਨੂੰ ਭਰਮਾਉਂਦੇ ਹਨ। ਕਿਸੇ ਬਿੰਦੂ ਤੇ ਜੋ ਬਹੁਤ ਹੀ ਜ਼ਿਆਦਾ ਭੁਚਲਾਏ ਗਏ ਹਨ ਆਪਣੇ ਆਪ ਨੂੰ ਜੀਵਨ ਦੇ ਰਾਹ ਵਿਚ ਇੰਨਾ ਜਾਲ ਵਿਚ ਫਸਿਆ ਹੋਇਆ ਪਾਉਂਦੇ ਹਨ ਜਿੱਥੇ ਉਨ੍ਹਾਂ ਦੇ ਮਨ ਵਿਚ ਨਿਕਲਣ ਦੀ ਕੋਈ ਇੱਛਾ ਹੀ ਨਹੀਂ ਹੁੰਦੀ ਹੈ। ਅਨੈਤਿਕਤਾ ਨੂੰ ਅਰਾਮ ਦੇ ਨਾਲ ਸਹਿ ਲੈਣਾ ਸਰੀਰ ਨੂੰ "ਮਿੱਠੀ ਮੌਹਰੀ ਦੇ ਵਾਂਙੁ ਖਾਂਦਾ ਜਾਵੇਗਾ" (2 ਤਿਮੋਥਿਉਸ 2:17) ਜਦੋਂ ਤੱਕ ਮਸੀਹੀ ਆਪ ਅੱਖ ਮਟਕਾਉਣ ਜਾਂ ਸਿਰ ਨੂੰ ਹਿਲਾਉਣ ਦੇ ਦੁਆਰਾ ਸਮੱਸਿਆ ਨੂੰ ਨਜ਼ਰਅੰਦਾਜ਼ ਨਾ ਕਰ ਦੇਣ। ਪਾਪ ਅਤੇ ਵਿਭਚਾਰ ਦੇ ਲਈ ਇੱਕ ਵਿਕਲਪ ਦੇ ਰੂਪ ਵਿਚ ਸੰਸਾਰ ਨੂੰ ਮਸੀਹ ਵਰਗੇ ਜੀਵਨ ਦੇ ਮਾਰਗ ਨੂੰ ਦਿਖਾਉਣ ਦੀ ਬਜਾਇ ਕਲੀਸੀਆ ਗਲਤ ਨੂੰ ਜਾਇਜ਼ ਠਹਿਰਾਉਣ ਦੇ ਲਈ ਇੱਕ ਰਬੜ ਸਟੈਂਪ ਬਣ ਸਕਦੀ ਹੈ।

ਝੂਠੇ ਗੁਰੂਆਂ ਨੇ ਆਪਣਾ ਸਵੈ-ਸੇਵਾ ਸੁਭਾਅ ਨੂੰ ਹੋਰਨਾਂ ਤਰੀਕਿਆਂ ਦੇ ਨਾਲ ਸਪਸ਼ੱਟ ਕੀਤਾ। **ਉਨ੍ਹਾਂ ਦੇ ਮਨ ਲੋਭ ਵਿੱਚ ਪੱਕੇ ਹੋਏ ਹੋਏ ਹਨ**। ਜੋਸੇਫ਼ਸ ਨੇ ਮਾਪ ਅਤੇ ਤੋਲ ਦੇ ਲਈ ਕਾਇਨ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਉਨ੍ਹਾਂ ਦੇ ਦੁਆਰਾ ਉਸ ਨੇ ਆਪਣੇ ਸਾਥੀਆਂ ਦੇ ਵਿਚਕਾਰ ਲਾਲਚ ਨੂੰ ਉਤਸਾਹਿਤ ਕੀਤਾ ਸੀ।[10] ਮਸੀਹ ਦੇ ਮਾਰਗ ਤੋਂ ਦੂਰ, ਆਪਣੇ ਲਾਲਚ ਦੇ ਦੁਆਰਾ, ਝੂਠੇ ਗੁਰੂ **ਸਰਾਪ ਦੇ ਪੁੱਤ੍ਰ ਹਨ**। ਇੰਝ ਲੱਗਦਾ ਹੈ ਕਿ, ਪੁਰਾਣੇ ਸਮੇਂ ਦੇ ਸੰਸਾਰ ਅਤੇ ਆਧੁਨਿਕ ਸੰਸਾਰ ਵਿਚ ਸੈਕਸ ਅਤੇ ਪੈਸਾ, ਬੇਈਮਾਨ ਅਤੇ ਅਪਮਾਨਜਨਕ ਵਿਹਾਰ ਨੂੰ ਚਲਾਉਣ ਵਾਲੇ ਬਲ ਸਨ। ਅੰਗ੍ਰੇਜ਼ੀ ਸ਼ਬਦ "ਜਿਮਨੇਜ਼ੀਅਮ" ਆਪਣੀਆਂ ਜੜ੍ਹਾਂ ਨੂੰ ਯੂਨਾਨੀ ਸ਼ਬਦ "ਸਿਖਲਾਈ" (γυμνάζω, *ਗਮਨਾਜ਼ੋ*) ਵਿਚ ਪਾਉਂਦਾ ਹੈ। ਝੂਠੇ ਗੁਰੂਆਂ ਨੇ ਆਪਣੇ ਆਪ ਨੂੰ ਪ੍ਰਯੋਗ ਕੀਤਾ ਸੀ; ਉਨ੍ਹਾਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਰਜਾਉਣ ਦੀ ਇੱਛਾ ਦੇ ਸਪੁਰਦ ਕਰ ਦਿੱਤਾ ਸੀ। ਇਸ ਨੂੰ ਖਤਮ ਕਰਨ ਦੇ ਲਈ ਪੈਸਾ ਇੱਕ ਉਪਾਅ ਸੀ।

**ਆਇਤ 15.** ਜਦੋਂ ਪਤਰਸ ਨੇ ਕਿਹਾ ਕਿ ਉਹ **ਸਿੱਧੇ ਰਾਹ** ਛੱਡ ਕੇ **ਕੁਰਾਹੇ ਪੈ ਗਏ**, ਤਾਂ ਉਸ ਨੇ ਇਹ ਸੁਝਾਅ ਦਿੱਤਾ ਕਿ ਝੂਠੇ ਗੁਰੂਆਂ ਨੇ ਯੋਗ ਇਰਾਦੇ ਦੇ ਲਈ ਸਫਰ ਸ਼ੁਰੂ ਕਰ ਦਿੱਤਾ ਸੀ। ਹੁਮਿਨਾਯੁਸ ਅਤੇ ਸਿਕੰਦਰ ਦੇ ਵਾਂਗ, ਉਨ੍ਹਾਂ ਨੇ ਆਪਣੀ ਨਿਹਚਾ ਦੀ ਬੇੜੀ ਡੋਬ ਦਿੱਤੀ ਸੀ (1 ਤਿਮੋਥਿਉਸ 1:19, 20)। ਮਸੀਹ ਦੇ ਨਾਲ ਲਿਪਟੇ ਰਹਿਣਾ, ਉਸ ਨੂੰ ਬਪਤਿਸਮੇ ਦੇ ਦੁਆਰਾ ਪਹਿਨ ਲੈਣਾ ਅਤੇ ਆਪਣੇ ਆਪ ਦੀ ਬਚਾਇਆਂ ਹੋਇਆਂ ਦੇ ਵਿਚ ਗਿਣਤੀ ਕਰਨਾ ਹੀ ਕਦੀ ਵੀ ਕਾਫੀ ਨਹੀਂ ਹੈ। ਦ੍ਰਿੜ੍ਹਤਾ ਜੀਵਨ ਵੱਲ ਜਾਂਦੀ ਹੈ। ਜਾਹਿਰ ਤੌਰ ਤੇ ਇਨ੍ਹਾਂ ਝੂਠੇ ਗੁਰੂਆਂ ਨੇ ਧਨ ਦੇ ਧੋਖੇ ਨੂੰ ਵਚਨ ਦਾ ਗਲਾ ਘੁੱਟਣ ਦੇ ਲਈ ਇਜਾਜ਼ਤ ਦਿੱਤੀ ਸੀ; ਉਹ ਬੇਫਲ ਹੋ ਗਿਆ ਸੀ (ਮੱਤੀ 13:22)। ਸ਼ਾਬਦਿਕ ਤੌਰ ਤੇ ਯੂਨਾਨੀ ਵਿਚ ਕਹਿੰਦੇ ਹਨ ਉਨ੍ਹਾਂ ਨੇ "ਸਿੱਧੇ ਰਾਹ ਨੂੰ ਛੱਡ ਦਿੱਤਾ।" ਯਿਸੂ ਨੇ ਚੇਤਾਵਨੀ ਦਿੱਤੀ ਸੀ ਕਿ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ (ਮੱਤੀ 7:14)। ਝੂਠੇ ਗੁਰੂ ਚੌੜੇ ਰਾਹ ਨੂੰ ਤਰਜੀਹ ਦਿੰਦੇ ਹਨ। ਲਾਲਚ ਦੇ ਵਿਚ ਫਸ ਕੇ, ਉਹ **ਬਿਓਰ ਦੇ ਪੁੱਤ੍ਰ ਬਿਲਆਮ ਦੇ ਮਾਰਗ ਹੋ ਤੁਰੇ**। ਇਹ ਇੱਕ ਬਹੁਤ ਹੀ ਘਿਸਿਆ-ਪਿਟਿਆ ਰਸਤਾ ਸੀ।

ਬਿਲਆਮ ਦੀ ਕਹਾਣੀ ਗਿਣਤੀ 22 ਅਧਿਆਇ ਵਿਚ ਸ਼ੁਰੂ ਹੁੰਦੀ ਹੈ। ਮੋਆਬ ਦੇ ਰਾਜੇ, ਬਾਲਾਕ ਨੂੰ ਇਸਰਾਈਲ ਦੀ ਪਰਜਾ ਦੇ ਡੇਰੇ ਆਪਣੇ ਸਾਹਮਣੇ ਵੇਖ ਕੇ ਡਰ ਲੱਗਾ। ਉਸ ਨੇ ਬਿਲਆਮ ਨਬੀ ਨੂੰ ਬੇਨਤੀ ਘੱਲੀ ਕਿ ਆ ਅਤੇ ਇਸਰਾਈਲ ਨੂੰ ਸਰਾਪ ਦੇ। ਬਿਲਆਮ ਨੇ ਉੱਤਰ ਦਿੱਤਾ ਕਿ ਪਰਮੇਸ਼ੁਰ ਦੀ ਬਰਕਤ ਤੋਂ ਬਿਨਾਂ ਉਹ ਕੁਝ ਵੀ ਨਹੀਂ ਕਰ ਸਕੇਗਾ। ਪਰਮੇਸ਼ੁਰ ਨੇ ਉਸ ਨੂੰ ਕਿਹਾ ਕਿ ਉਸ ਨੇ ਇਸਰਾਈਲ ਨੂੰ ਬਰਕਤ ਦੇ ਦਿੱਤੀ ਸੀ; ਬਿਲਆਮ ਨੇ ਜਾਣਾ ਨਹੀਂ ਸੀ। ਇਹ ਮਾਮਲੇ ਦਾ ਅੰਤ ਜਾਪਦਾ ਸੀ, ਪਰ ਬਾਲਾਕ ਨੇ ਸਥਿਤੀ ਨੂੰ ਦੂਸਰੇ ਤਰੀਕੇ ਦੇ ਨਾਲ ਆਂਕਿਆ। ਉਹ ਜਾਣਦਾ ਸੀ ਕਿ ਕਿਹੜੀ ਚੀਜ਼ ਲੋਕਾਂ ਨੂੰ ਹਿਲਾਉਂਦੀ ਹੈ: ਪੈਸਾ ਅਤੇ ਬਲ। ਬਿਲਆਮ ਨੂੰ ਵੱਧ ਦੇ ਲਈ ਬਾਹਰ ਲਿਆਇਆ ਜਾ ਸਕਦਾ ਸੀ। ਇਸ ਲਈ ਬਾਲਾਕ ਨੇ ਹੋਰ ਸੰਦੇਸ਼ਵਾਹਕ ਭੇਜੇ, ਜੋ ਪਹਿਲਿਆਂ ਤੋਂ ਵਧੀਕ ਪਤਵੰਤੇ ਸਨ ਅਤੇ ਹੋਰ ਵੱਧ ਪੈਸੇ ਦਾ ਵਾਇਦਾ ਕੀਤਾ। ਨਬੀ ਉੱਤਰ ਦੇ ਸਕਦਾ ਸੀ, "ਤੇਰੇ ਕੋਲ ਮੇਰਾ ਉੱਤਰ ਹੈ। ਪਰਮੇਸ਼ੁਰ ਨੇ ਮੈਨੂੰ ਆਉਣ ਤੋਂ ਵਰਜਿਆ ਹੈ।" ਇਸ ਦੀ ਬਜਾਇ, ਉਹ ਡੋਲ ਗਿਆ। ਬਿਲਆਮ ਪ੍ਰਭਾਵਿਤ ਹੋ ਗਿਆ ਸੀ। ਪੈਸਾ ਚੰਗਾ ਲੱਗ ਰਿਹਾ ਸੀ। ਹੋ ਸਕਦਾ ਹੈ ਉਹ ਪਰਮੇਸ਼ੁਰ ਨੂੰ ਕਾਇਲ ਕਰ ਸਕੇ। ਉਹ ਹੋਰ ਬੇਨਤੀ ਦੇ ਨਾਲ ਵਾਪਸ ਗਿਆ। ਪਰਮੇਸ਼ੁਰ ਨੇ ਕਿਹਾ, "ਤੁਰ ਪਓ।" ਉਨ੍ਹਾਂ ਝੂਠੇ ਗੁਰੂਆਂ ਦੇ ਵਾਂਗ ਜਿਨ੍ਹਾਂ ਦਾ ਹਵਾਲਾ ਪਤਰਸ ਨੇ ਦਿੱਤਾ ਸੀ, ਬਿਲਆਮ ਲਾਲਚ ਦੇ ਦੁਆਰਾ ਚਲਾਇਆ ਗਿਆ ਸੀ। ਬਿਲਆਮ ਉਨ੍ਹਾਂ ਲੋਕਾਂ ਦਾ ਇੱਕ ਪ੍ਰੋਟੋਟਾਇਪ ਸੀ ਜੋ ਧਰਮ ਨੂੰ ਸਮੱਗਰੀ ਲਾਭ ਦੇ ਲਈ ਇਸਤੇਮਾਲ ਕਰਦੇ ਸਨ।

ਦੂਸਰੇ ਤਰੀਕੇ ਨਾਲ ਬਿਲਆਮ ਝੂਠੇ ਗੁਰੂਆਂ ਦਾ ਇੱਕ ਯੋਗ ਮਾਡਲ ਸੀ। ਬਿਲਆਮ ਇਸਰਾਈਲ ਨੂੰ ਸਰਾਪ ਨਹੀਂ ਦੇ ਸਕਿਆ। ਉਹ ਉਨ੍ਹਾਂ ਨੂੰ ਸਰਾਪ ਨਹੀਂ ਦੇ ਸਕਿਆ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਰਕਤ ਦੇ ਦਿੱਤੀ ਸੀ। ਫਿਰ ਵੀ, ਬਿਲਆਮ ਪੂਰੀ ਤਰ੍ਹਾਂ ਅਸਫਲ ਨਹੀਂ ਰਿਹਾ। ਉਸ ਨੇ ਬਾਲਾਕ ਨੂੰ ਸਲਾਹ ਦਿੱਤੀ। ਜੇਕਰ ਬਾਲਾਕ ਇਸਰਾਈਲੀਆਂ ਨੂੰ ਮੋਆਬ ਦੇ ਮੂਰਤੀਪੂਜਕ ਤਰੀਕੇ ਦੇ ਨਾਲ ਆਕਰਸ਼ਿਤ ਕਰ ਸਕਦਾ ਹੈ, ਤਾਂ ਪਰਮੇਸ਼ੁਰ ਉਨ੍ਹਾਂ ਦੇ ਨਾਲ ਨਾਰਾਜ਼ ਹੋ ਜਾਵੇਗਾ। ਬਾਲਾਕ ਉਨ੍ਹਾਂ ਨੂੰ ਭਰਮਾ ਸਕਦਾ ਹੈ। ਬਾਲਾਕ ਬਿਲਆਮ ਦੀ ਸਲਾਹ ਦੇ ਮਗਰ ਲੱਗਾ ਅਤੇ ਸਿੱਟੇ ਵਜੋਂ ਇਸਰਾਈਲ ਬਆਲ ਪਓਰ ਦੀ ਸਲਾਹ ਦੇ ਮਗਰ ਲੱਗਾ। ਉਨ੍ਹਾਂ ਵਿਚੋਂ ਬਹੁਤ ਸਾਰੇ ਮਾਰੇ ਗਏ (ਗਿਣਤੀ 25:1–9)। ਬਾਅਦ ਵਿਚ, ਜਦੋਂ ਯੁੱਧ ਵਿਚ ਇਸਤਰੀਆਂ ਤੇ ਕਬਜ਼ਾ ਕੀਤਾ ਗਿਆ ਅਤੇ ਇਸਰਾਈਲੀ ਉਨ੍ਹਾਂ ਨੂੰ ਯੁੱਧ ਦੀ ਲੁੱਟ ਦੇ ਰੂਪ ਵਿਚ ਰੱਖਣ ਲਈ ਤਿਆਰ ਸਨ, ਮੂਸਾ ਨੇ ਇਤਰਾਜ਼ ਕੀਤਾ, "ਏਹ ਓਹ ਹਨ ਜਿਨ੍ਹਾਂ ਨੇ ਇਸਰਾਏਲੀਆਂ ਨੂੰ ਬਿਲਆਮ ਦੀ ਸਲਾਹ ਨਾਲ ਪਓਰ ਦੀ ਗੱਲ ਵਿੱਚ ਯਹੋਵਾਹ ਦੇ ਵਿਰੁੱਧ ਅਪਰਾਧੀ ਬਣਾਇਆ" (ਗਿਣਤੀ 31:16)। ਬਿਲਆਮ ਜਿਨਸੀ ਗੁਨਾਹ ਵਿਚ ਇਸਰਾਈਲ ਨੂੰ ਪਰਤਾਉਣ ਵਿਚ ਕਾਮਯਾਬ ਹੋ ਗਿਆ ਸੀ। ਉਹ ਲਾਲਚ ਅਤੇ ਵਾਸਨਾ ਦਾ ਇੱਕ ਪ੍ਰਤੀਕ ਸੀ, ਦੋਵੇਂ ਉਨ੍ਹਾਂ ਝੂਠੇ ਗੁਰੂਆਂ ਦੀਆਂ ਵਿਸ਼ੇਸ਼ਤਾਵਾਂ ਸਨ ਜਿਨ੍ਹਾਂ ਦਾ ਪਤਰਸ ਨੇ ਸਾਹਮਣਾ ਕੀਤਾ।

ਬਿਲਆਮ ਇੱਕ ਆਕਰਸ਼ਕ ਚਰਿੱਤਰ ਹੈ। ਉਹ ਉਸ ਦਿਨ ਤੋਂ ਲੈ ਕੇ ਨਵੇਂ ਨੇਮ ਤੱਕ ਯਹੂਦੀਆਂ ਦੀ ਚਰਚਾ ਵਿਚ ਅਕਸਰ ਆਇਆ ਹੈ। ਬਿਲਆਮ ਇੱਕ ਯਹੂਦੀ ਨਹੀਂ ਸੀ; ਉਹ ਉਨ੍ਹਾਂ ਲੋਕਾਂ ਵਿਚੋਂ ਵੀ ਨਹੀਂ ਸੀ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਮਿਸਰ ਤੋਂ ਬੁਲਾਇਆ ਸੀ ਅਤੇ ਉਨ੍ਹਾਂ ਨਾਲ ਆਪਣਾ ਨੇਮ ਬੰਨਿਆ ਸੀ। ਫਿਰ ਵੀ, ਬਿਲਆਮ ਨੇ ਪਰਮੇਸ਼ੁਰ ਨੂੰ ਯਹੋਵਾਹ ਨਾਮ ਨਾਲ ਪੁਕਾਰਿਆ, ਨੇਮ ਦਾ ਨਾਮ ਜਿਸ ਦੇ ਦੁਆਰਾ ਉਸ ਨੇ ਆਪਣੇ ਆਪ ਨੂੰ ਇਸਰਾਈਲ ਤੇ

ਪਰਗਟ ਕੀਤਾ ਸੀ। ਇੱਕ ਅਚਰਜ ਛੱਡ ਦਿੱਤਾ ਗਿਆ ਹੈ ਕਿ ਇਸਰਾਈਲ ਦੇ ਲੋਕਾਂ ਤੋਂ ਇਲਾਵਾ ਹੋਰ ਕਿੰਨੇ ਲੋਕਾਂ ਨੇ ਬਿਲਆਮ ਦੇ ਵਾਂਗ ਇੱਕੋ ਸੱਚੇ ਪਰਮੇਸ਼ੁਰ ਦੀ ਅਰਾਧਨਾ ਕੀਤੀ ਸੀ।

ਅੰਤ ਵਿਚ, ਬਿਲਆਮ ਨੂੰ ਬਹੁਤ ਚੰਗੀ ਤਰ੍ਹਾਂ ਦੇ ਨਾਲ ਜਾਣਿਆ ਗਿਆ, ਪਰਮੇਸ਼ੁਰ ਦੇ ਨਬੀ ਦੇ ਰੂਪ ਵਿਚ ਨਹੀਂ, ਪਰ ਉਸ ਵਿਅਕਤੀ ਦੇ ਰੂਪ ਵਿਚ ਜਿਸ ਨੂੰ ਸਰਵਉੱਚ ਬੋਲੀ ਲਗਾ ਕੇ ਵੇਚਿਆ ਗਿਆ ਸੀ। ਫੀਲੋ, ਪਹਿਲੀ ਸਦੀ ਦਾ ਯਹੂਦੀ ਜੋ ਪਹਿਲੀ ਸਦੀ ਦੇ ਸਿਕੰਦਰੀਆ, ਮਿਸਰ, ਵਿਚ ਰਹਿੰਦਾ ਸੀ, ਨਬੀ ਦੇ ਮੂੰਹ ਵਿਚ ਇਹ ਸ਼ਬਦ ਪਾ ਕੇ ਬਿਲਆਮ ਦੀ ਮੂਰਖਤਾ ਨੂੰ ਸਮਝਾਇਆ,

> ਪਰਮੇਸ਼ੁਰ ਝੂਠ ਬੋਲਣ ਵਾਲਾ ਨਹੀਂ ਹੈ ਜਿਵੇਂ ਉਹ ਇੱਕ ਮਨੁੱਖ ਹੋਵੇ, ਨਾ ਹੀ ਮਨੁੱਖ ਦੇ ਪੁੱਤਰ ਦੇ ਵਾਂਗ ਉਹ ਆਪਣੇ ਉਦੇਸ਼ ਨੂੰ ਬਦਲਦਾ ਹੈ। ਜਦੋਂ ਉਹ ਇੱਕ ਵਾਰ ਕੁਝ ਬੋਲ ਦਿੰਦਾ ਹੈ, ਤਾਂ ਕੀ ਉਹ ਆਪਣੇ ਵਚਨ ਦੀ ਪਾਲਣਾ ਨਹੀਂ ਕਰਦਾ ਹੈ? ਕਿਉਂਕਿ ਉਹ ਉਦੋਂ ਤੱਕ ਕੋਈ ਗੱਲ ਨਹੀਂ ਬੋਲਦਾ ਜੋ ਸੰਪੂਰਣ ਤੌਰ ਤੇ ਪੂਰੀ ਨਾ ਹੋ ਚੁੱਕੀ ਹੋਵੇ, ਕਿਉਂਕਿ ਉਸ ਦਾ ਵਚਨ ਉਸ ਦਾ ਕੰਮ ਹੈ। ਅਸਲ ਵਿਚ, ਮੈਂ, ਇੱਥੇ ਇਸਰਾਈਲ ਨੂੰ ਬਰਕਤ ਦੇਣ ਦੇ ਲਈ ਆਇਆ ਹਾਂ, ਨਾ ਕਿ ਸਰਾਪ।[11]

ਪਰਗਮੁਮ ਦੀ ਕਲੀਸੀਆ ਨੂੰ, ਯਿਸੂ ਨੇ ਕਿਹਾ,

> ਪਰ ਤਾਂ ਵੀ ਤੇਰੇ ਉੱਤੇ ਮੈਨੂੰ ਥੋੜਾ ਬਹੁਤ ਗਿਲਾ ਹੈ ਭਈ ਉੱਥੇ ਤੇਰੇ ਕੋਲ ਓਹ ਹਨ ਜਿਨ੍ਹਾਂ ਬਿਲਆਮ ਦੀ ਸਿੱਖਿਆ ਧਾਰੀ ਹੈ ਜਿਹ ਨੇ ਬਾਲਾਕ ਨੂੰ ਸਿੱਖਿਆ ਦਿੱਤੀ ਸੀ ਜੋ ਇਸਰਾਏਲ ਦੇ ਵੰਸ ਦੇ ਅੱਗੇ ਠੇਡੇ ਲਾਉਣ ਵਾਲੀ ਵਸਤ ਸੁੱਟ ਦੇਵੇ ਭਈ ਓਹ ਮੂਰਤੀਆਂ ਦੇ ਚੜ੍ਹਾਵੇ ਖਾਣ ਅਤੇ ਹਰਾਮਕਾਰੀ ਕਰਨ (ਪਰਕਾਸ਼ 2:14)।

**ਆਇਤ 16.** 2:12 ਵਿਚ, ਪਤਰਸ ਨੇ ਝੂਠੇ ਗੁਰੂਆਂ ਦੀ ਤੁਲਨਾ ਬੇਜ਼ੁਬਾਨ, "ਵਿਵੇਕਹੀਨ ਪਸ਼ੂਆਂ ਦੇ ਨਾਲ ਕੀਤੀ ਸੀ।" ਹੁਣ ਇਹ ਗੱਲ ਪਰਗਟ ਹੁੰਦੀ ਹੈ ਕਿ ਉੱਥੇ ਘੱਟੋ ਘੱਟ ਇੱਕ ਗੂੰਗਾ ਜਾਨਵਰ ਸੀ, ਬਿਲਆਮ ਦੀ ਬੋਲਣ ਵਾਲੀ **ਖੋਤੀ**, ਜਿਸ ਦੇ ਅੰਦਰ ਬਿਲਆਮ ਅਤੇ ਉਸ ਦੇ ਆਤਮਿਕ ਉੱਤਰਾਧਿਕਾਰੀਆਂ ਨਾਲੋਂ ਵਧੀਆ ਚੰਗੀ ਭਾਵਨਾ ਦਾ ਪਤਾ ਲੱਗਦਾ ਹੈ। ਬਿਲਆਮ ਦੀ ਖੋਤੀ ਨੇ ਕਿਵੇਂ ਗੱਲ ਕੀਤੀ ਇਹ ਬਾਈਬਲ ਦੀਆਂ ਅਕਸਰ ਦੱਸੀਆਂ ਜਾਣ ਵਾਲੀਆਂ ਕਹਾਣੀਆਂ ਵਿੱਚੋਂ ਇੱਕ ਹੈ। ਬੱਚਿਆਂ ਦੀਆਂ ਪੀੜ੍ਹੀਆਂ ਨੇ ਐਤਵਾਰ ਦੇ ਸਕੂਲ ਵਿਚ ਇਸ ਨੂੰ ਸਿੱਖਿਆ ਹੈ। ਪਤਰਸ ਦੇ ਲਈ ਖੋਤੀ ਦਾ ਬੋਲਣਾ ਉਨ੍ਹਾਂ ਲੋਕਾਂ ਦੇ **ਸ਼ੁਦਾਪੁਣੇ** ਦਾ ਇੱਕ ਚਿੰਨ੍ਹ ਸੀ ਜੋ ਵਾਸਨਾ ਅਤੇ ਲਾਭ ਦੇ ਕਾਰਨ ਪਰਮੇਸ਼ੁਰ ਵੱਲੋਂ ਮੂੰਹ ਮੋੜ ਲੈਣਗੇ।

ਇੱਕ ਬੋਲਣ ਵਾਲੀ ਖੋਤੀ ਉਨ੍ਹਾਂ ਲੋਕਾਂ ਦੇ ਲਈ ਇੱਕ ਸਮੱਸਿਆ ਨੂੰ ਪੈਦਾ ਕਰ ਦਿੰਦੀ ਹੈ ਜੋ ਸਿੱਖਿਅਤ ਪੱਛਮੀ ਸੰਸਾਰ ਵਿਚ ਰਹਿੰਦੇ ਹਨ। ਨਵੇਂ ਨੇਮ ਦੇ ਸਮੇਂ ਦੇ ਲੋਕਾਂ ਦੇ ਲਈ, ਇਹ ਉਹ ਬੁੱਧੀ ਸੀ ਜਿਸ ਦੇ ਦੁਆਰਾ ਉਹ ਜਿਉਂਦੇ ਸਨ। ਪੁਰਾਤਨ ਸਾਹਿਤ ਵਿਚ ਬੋਲਣ ਵਾਲੀ ਖੋਤੀ ਤੋਂ ਵੀ ਅਦਭੁੱਤ ਕਹਾਣੀਆਂ ਦੀ ਖੋਜ ਕਰਨਾ ਆਸਾਨ ਹੈ। ਇੱਥੋਂ ਤੱਕ ਕਿ ਮੁਕਾਬਲਤਨ ਵਧੀਆ ਯੂਨਾਨੀ ਬੋਲਣ ਵਾਲੇ ਯਹੂਦੀ ਜਿਵੇਂ ਜੋਸੀਫ਼ਸ ਯਰੂਸ਼ਲਮ ਦੇ ਆਉਣ ਵਾਲੇ ਵਿਨਾਸ ਦਾ ਇੱਕ ਲੱਛਣ ਦਸ ਸਕਦਾ ਹੈ, ਜਦੋਂ ਇੱਕ ਜਾਜਕ ਕੁਰਬਾਨੀ ਦੇ ਲਈ ਇੱਕ ਵੱਛੀ

ਲਿਆਇਆ ਅਤੇ ਲੋਕਾਂ ਦੇ ਵਿਚਕਾਰ ਉਸ ਨੇ ਇੱਕ ਲੇਲੇ ਨੂੰ ਜਨਮ ਦੇ ਦਿੱਤਾ।[12] ਇਤਿਹਾਸਕਾਰ ਸਪਸ਼ੱਟ ਤੌਰ ਤੇ ਅੰਕਿਤ ਮੁੱਲ ਤੇ ਇਸ ਕਹਾਣੀ ਨੂੰ ਲੈ ਆਇਆ।

## ਅਜ਼ਾਦੀ ਦਾ ਵਾਇਦਾ ਜਦਕਿ ਭ੍ਰਿਸ਼ਟਾਚਾਰ ਦੇ ਗੁਲਾਮ (2:17-22)

**[17]ਓਹ ਸੁੱਕੇ ਖੂਹ ਹਨ। ਓਹ ਅਨ੍ਹੇਰੀ ਦੇ ਉਡਾਏ ਹੋਏ ਬੱਦਲ ਹਨ ਜਿਨ੍ਹਾਂ ਲਈ ਅਨ੍ਹੇਰ
ਘੁੱਪ ਰੱਖਿਆ ਹੋਇਆ ਹੈ। [18]ਕਿਉਂ ਜੋ ਓਹ ਵੱਡੀਆਂ ਵੱਡੀਆਂ ਫੋਕੀਆਂ ਗੱਪਾਂ ਮਾਰ ਕੇ
ਉਨ੍ਹਾਂ ਨੂੰ ਜਿਹੜੇ ਭੁੱਲਿਆਂ ਹੋਇਆਂ ਤੋਂ ਹੁਣੇ ਬਚ ਕੇ ਨਿੱਕਲਣ ਲੱਗੇ ਹਨ ਲੁੱਚਪੁਣੇ ਨਾਲ
ਸਰੀਰ ਦੀਆਂ ਕਾਮਨਾਂ ਵੱਲ ਭੁਚਲਾ ਲੈਂਦੇ ਹਨ। [19]ਓਹ ਉਨ੍ਹਾਂ ਨਾਲ ਅਜ਼ਾਦੀ ਦਾ ਵਾਇਦਾ
ਤਾਂ ਕਰਦੇ ਹਨ ਪਰ ਓਹ ਆਪ ਵਿਨਾਸ ਦੇ ਗੁਲਾਮ ਹਨ, ਕਿਉਂਕਿ ਜਿਹ ਦਾ ਕੋਈ
ਹਠਾੜੂ ਹੋ ਗਿਆ ਸੋ ਉਹ ਦਾ ਗੁਲਾਮ ਵੀ ਬਣਿਆ ਹੈ। [20]ਜੇਕਰ ਓਹ ਪ੍ਰਭੁ ਅਤੇ ਮੁਕਤੀ
ਦਾਤਾ ਯਿਸੂ ਮਸੀਹ ਦੇ ਗਿਆਨ ਦੇ ਦੁਆਰਾ ਸੰਸਾਰ ਦੇ ਗੰਦ ਮੰਦ ਤੋਂ ਬਚ ਕੇ ਓਸ ਵਿੱਚ
ਮੁੜ ਕੇ ਫਸਣ ਅਤੇ ਹਠਾੜੂ ਹੋ ਜਾਣ ਤਾਂ ਉਨ੍ਹਾਂ ਦਾ ਪਿਛਲਾ ਹਾਲ ਪਹਿਲੇ ਨਾਲੋਂ ਬੁਰਾ
ਹੋਇਆ। [21]ਕਿਉਂ ਜੋ ਧਰਮ ਦਾ ਮਾਰਗ ਨਾ ਹੀ ਜਾਣਨਾ ਇਸ ਨਾਲੋਂ ਚੰਗਾ ਸੀ ਭਈ ਉਹ
ਜਾਣ ਕੇ ਓਸ ਪਵਿੱਤਰ ਆਗਿਆ ਤੋਂ ਜੋ ਉਨ੍ਹਾਂ ਨੂੰ ਕੀਤੀ ਗਈ ਸੀ ਫਿਰ ਜਾਣ। [22]ਇਹ
ਸੱਚੀ ਕਹਾਉਤ ਉਨ੍ਹਾਂ ਉੱਤੇ ਠੀਕ ਬਹਿੰਦੀ ਹੈ ਭਈ ਕੁੱਤਾ ਆਪਣੀ ਉੱਪਰ ਛਲ ਵੱਲ
ਮੁੜਿਆ ਅਤੇ ਨੁਲ੍ਹਾਈ ਹੋਈ ਸੂਰਨੀ ਚਿੱਕੜ ਵਿੱਚ ਲੇਟਣ ਨੂੰ ਮੁੜ ਗਈ।**

ਰਸੂਲ ਪ੍ਰਚੰਡਤਾ ਦੇ ਨਾਲ ਝੂਠੇ ਗੁਰੂਆਂ ਤੇ ਆਪਣੇ ਹਮਲੇ ਨੂੰ ਨਵੇਂ ਸਿਰੇ ਤੋਂ ਲੈ ਆਇਆ। ਉਸ ਦਾ ਸੰਬੰਧ ਉਸ ਪ੍ਰਭਾਵ ਦੇ ਨਾਲ ਸੀ ਜੋ ਮਸੀਹ ਦੇ ਵਿਚ ਆਏ ਇੱਕ ਨਵੇਂ ਵਿਸ਼ਵਾਸੀ ਤੇ ਪਵੇਗਾ। ਝੂਠੇ ਗੁਰੂਆਂ ਦੁਆਰਾ ਪ੍ਰਭਾਵਿਤ, ਨਵੇਂ ਜਨਮੇ ਮਸੀਹੀ ਆਪਣੇ ਆਪ ਨੂੰ ਉਸ ਤੋਂ ਵੀ ਬਦਤਰ ਆਤਮਿਕ ਸਥਿਤੀ ਵਿਚ ਪਿਆ ਹੋਇਆ ਮਹਿਸੂਸ ਕਰ ਸਕਦੇ ਹਨ ਜਿਸ ਵਿਚ ਉਹ ਉਸ ਸਮੇਂ ਸਨ ਜਦੋਂ ਉਨ੍ਹਾਂ ਨੇ ਮਸੀਹ ਦੇ ਬਾਰੇ ਸੁਣਿਆ ਵੀ ਨਹੀਂ ਸੀ। ਇਸ ਆਇਤ ਵਿਚ ਪਤਰਸ ਨੇ ਸਾਨੂੰ ਝੂਠੇ ਗੁਰੂਆਂ ਦੇ ਸੰਦੇਸ਼ ਦੇ ਬਾਰੇ ਕੁਝ ਸਮਝ ਦਿੱਤੀ ਹੈ। ਜਾਹਿਰ ਤੌਰ ਤੇ ਅਜ਼ਾਦੀ ਉਨ੍ਹਾਂ ਦਾ ਵਿਸ਼ਾ ਸੀ-ਨੈਤਿਕ ਸੰਜਮ ਤੋਂ ਅਜ਼ਾਦੀ, ਸ਼ਰਾ ਤੋਂ ਅਜ਼ਾਦੀ। ਨਿੰਦਾ ਦੀ ਗੱਲ ਇਹ ਸੀ ਕਿ ਅਜ਼ਾਦੀ ਦੇ ਨਾਮ ਵਿਚ, ਉਹ ਗੁਲਾਮੀ ਦੇ ਵਿਹਾਰ ਵਿਚ ਉਲਝ ਗਏ ਸਨ। ਪਾਪ ਦੀ ਗੁਲਾਮੀ ਮਸੀਹ ਦੀ ਗੁਲਾਮੀ ਤੋਂ ਕਿਤੇ ਵੱਧ ਕੇ ਕਠੋਰ ਸੀ।

**ਆਇਤ 17.** ਇਹ ਆਇਤ ਉਸ ਸਮੇਂ ਬਹੁਤ ਬਲ ਹਾਸਲ ਕਰਦੀ ਹੈ ਜਦੋਂ ਕੋਈ ਕਨਾਨ ਵਿਚ ਅਤੇ ਪੂਰਬ ਦੇ ਨੇੜੇ ਦੇ ਬਾਕੀ ਇਲਾਕਿਆਂ ਵਿਚ ਪਾਣੀ ਦੀ ਘਾਟ ਨੂੰ ਸਮਝਦਾ ਹੈ। ਝਰਨੇ ਅਕਸਰ ਬਾਈਬਲ ਵਿਚ ਆਉਂਦੇ ਹਨ। ਯਰੂਸ਼ਲਮ ਦੀਆਂ ਦੀਵਾਰਾਂ ਤੋਂ ਬਾਹਰ ਕਿਦਰੋਨ ਦੀ ਵਾਦੀ ਵਿਚ ਗੀਹੋਨ ਦੇ ਚਸ਼ਮੇ ਸਨ ਜਿੱਥੇ ਸੁਲੇਮਾਨ ਨੂੰ ਇਸਰਾਈਲ ਦੇ ਉੱਪਰ ਰਾਜਾ ਮਸਹ ਕੀਤਾ ਗਿਆ ਸੀ (1 ਰਾਜਿਆਂ 1:33–35)। ਬਾਅਦ ਵਿਚ ਹਿਜ਼ਕੀਯਾਹ ਨੇ ਇੱਕ ਨਾਲੀ ਦੀ ਨਿਰਮਾਣ ਕੀਤਾ ਅਤੇ ਦੀਵਾਰਾਂ ਦੇ ਅੰਦਰ ਝਰਨਿਆਂ ਵਿਚ ਪਾਣੀ ਵੰਡਿਆ ਗਿਆ, ਜੋ ਬਾਅਦ ਵਿਚ ਸ਼ੀਲੋਹ ਬਣ ਗਿਆ (2 ਰਾਜਿਆਂ 20:20; 2 ਇਤਹਾਸ 32:30)। ਬਰਸਾਤ ਦੇ ਮੌਸਮ ਵਿਚ ਝਰਨੇ ਪਾਣੀ ਨਾਲ ਛਲਕ ਸਕਦੇ ਹਨ, ਪਰ ਜਦੋਂ ਸੋਕੇ ਦਾ ਮੌਸਮ ਆਉਂਦਾ ਹੈ ਤਾਂ ਇਹ ਪਾਣੀ ਦੇ ਸੁੱਕ ਜਾਣ ਦੇ ਕਾਰਨ ਬੇਕਾਰ ਹੋ ਜਾਂਦੇ ਹਨ। **ਓਹ**

**ਸੁੱਕੇ ਖੂਹ ਹਨ ਓਹ ਅਨ੍ਹੇਰੀ ਦੇ ਉਡਾਏ ਹੋਏ ਬੱਦਲ** ਦੇ ਵਾਂਗ, ਝੂਠੇ ਗੁਰੂ ਬਹੁਤ ਕੁਝ ਦਾ ਵਾਇਦਾ ਕਰਦੇ ਹਨ ਪਰ ਕੁਝ ਵੀ ਦਿੰਦੇ ਨਹੀਂ ਹਨ।

ਜਦੋਂ ਪਤਰਸ ਨੇ "ਅਨ੍ਹੇਰੀ ਦੇ ਉਡਾਏ ਹੋਏ ਬੱਦਲ" ਦਾ ਉਲੇਖ ਕੀਤਾ ਤਾਂ ਉਸ ਨੇ ਭਾਸ਼ਾ ਦੇ ਰੂਪ ਨੂੰ ਥੋੜਾ ਜਿਹਾ ਬਦਲ ਦਿੱਤਾ ਸੀ। ਝੂਠੇ ਗੁਰੂ ਪੱਛਮ ਵੱਲੋਂ ਉਡਾਏ ਗਏ ਬੱਦਲਾਂ ਦੇ ਵਾਂਗ ਸਨ, ਜੋ ਮੀਂਹ ਦਾ ਵਾਇਦਾ ਕਰਦੇ, ਪਰ ਦਿਨ ਦੀ ਗਰਮੀ ਦੇ ਵਿਚ ਉੱਡ ਜਾਂਦੇ ਸਨ। ਦੋਵੇਂ ਉਦਾਹਰਣਾਂ ਪਹਿਲੇ ਪ੍ਰਭਾਵਾਂ ਵਿਚ ਦੇਣ ਦੀ ਮੂਰਖਤਾ ਦਾ ਪ੍ਰਦਰਸ਼ਨ ਕਰਦੇ ਹਨ। ਬੇਸ਼ੱਕ ਝੂਠੇ ਗੁਰੂ ਅਦਭੁੱਤ ਛਾਪਾਂ ਬਣਾ ਸਕਦੇ ਹਨ; ਉਹ ਕਾਇਲ ਕਰਨ ਵਾਲੇ ਸ਼ਬਦਾਂ ਅਤੇ ਜਿੱਤ ਲੈਣ ਵਾਲੇ ਢੰਗਾਂ ਦੇ ਨਾਲ ਭਰੇ ਹੋਏ ਸਨ। ਮਸੀਹੀ ਇੱਕ ਸੁਧਰੇ ਸ਼ਬਦਾਂ ਵਾਲੇ ਚਿਕਨੀਆਂ ਗੱਲਾਂ ਕਰਨ ਵਾਲੇ ਗੁਰੂ ਦੇ ਸਾਹਮਣੇ ਕਮਜ਼ੋਰ ਪੈ ਜਾਂਦੇ ਹਨ। ਮਸੀਹ ਦੇ ਪਿੱਛੇ ਚੱਲਣ ਵਾਲਿਆਂ ਨੂੰ ਚੰਗੇ ਲੋਕ ਬਣਨਾ ਸਿੱਖਣਾ ਚਾਹੀਦਾ ਹੈ। ਅਜਿਹੇ ਹੋਣ ਦੇ ਨਾਲ, ਉਨ੍ਹਾਂ ਤੇ ਭਰੋਸਾ ਕਰਦੇ ਹਨ ਅਤੇ ਭਰੋਸਾ ਕੀਤੇ ਜਾਣ ਦੀ ਮੰਗ ਕਰਦੇ ਹਨ।

ਪਰਮੇਸ਼ੁਰ ਦੇ ਰਾਜ ਦੀ ਇੱਕ ਮਹਾਨ ਅਪੀਲ ਇਹ ਹੈ ਕਿ ਇਹ ਇੱਕ ਸ਼ਾਂਤੀ ਪਸੰਦ, ਦੇਖਭਾਲ ਕਰਨ ਵਾਲਾ ਸਮਾਜ ਹੈ ਜੋ ਸਾਰੇ ਲੋਕਾਂ ਨੂੰ ਸ਼ੱਕ ਦਾ ਲਾਭ ਦੇਣਾ ਚਾਹੁੰਦਾ ਹੈ। ਪਤਰਸ ਨੇ ਆਪਣੇ ਪਾਠਕਾਂ ਨੂੰ ਚੇਤਾਵਨੀ ਦਿੱਤੀ ਕਿ ਰਾਜ ਦੀ ਭਲਾਈ ਦੇ ਲਈ, ਅਜਿਹੇ ਸਮੇਂ ਹੁੰਦੇ ਹਨ ਜਦੋਂ ਕਿਸੇ ਨੂੰ ਭਰਵੱਟੇ ਚੁੱਕ ਕੇ ਸਖਤ ਸਵਾਲ ਪੁੱਛਣੇ ਜ਼ਰੂਰੀ ਹੁੰਦੇ ਹਨ। ਯੂਹੰਨਾ ਨੇ ਲਿਖਿਆ, "ਹਰੇਕ ਆਤਮਾ ਦੀ ਪਰਤੀਤ ਨਾ ਕਰ ਲਓ ਸਗੋਂ ਆਤਮਿਆਂ ਨੂੰ ਪਰਖੋ ਭਈ ਓਹ ਪਰਮੇਸ਼ੁਰ ਤੋਂ ਹਨ ਕਿ ਨਹੀਂ ਕਿਉਂ ਜੋ ਬਾਹਲੇ ਝੂਠੇ ਨਬੀ ਸੰਸਾਰ ਵਿੱਚ ਨਿੱਕਲ ਆਏ ਹਨ।" (1 ਯੂਹੰਨਾ 4:1)। ਪੌਲੁਸ ਨੇ ਚੇਤਾਵਨੀ ਦਿੱਤੀ, "ਤੁਹਾਡੇ ਆਪਣੇ ਹੀ ਵਿੱਚੋਂ ਕਈ ਪੁਰਸ਼ ਖੜੇ ਹੋਣਗੇ ਜਿਹੜੇ ਉਲਟੀਆਂ ਗੱਲਾਂ ਕਰਨਗੇ ਭਈ ਚੇਲਿਆਂ ਨੂੰ ਆਪਣੀ ਵੱਲ ਖਿੱਚ ਲੈ ਜਾਣ" (ਰਸੂਲਾਂ ਦੇ ਕਰਤੱਬ 20:30)। ਦੂਤਾਂ ਨੂੰ ਜਿਸ ਵੇਲੇ ਉਨ੍ਹਾਂ ਨੇ ਪਾਪ ਕੀਤਾ ਨਾ ਛੱਡਿਆ ਸਗੋਂ ਓਹਨਾਂ ਨੂੰ ਨਰਕ ਵਿੱਚ ਸੁੱਟ ਕੇ ਅੰਧਕੂਪਾਂ ਵਿੱਚ ਪਾ ਦਿੱਤਾ ਭਈ ਨਿਆਉਂ ਦੇ ਲਈ ਕਾਬੂ ਰਹਿਣ (2:4)। ਅੰਤ ਵਿਚ, ਝੂਠੇ ਗੁਰੂ **ਅਨ੍ਹੇਰ ਘੁੱਪ** ਵਿਚ ਭੇਜੇ ਜਾਣਗੇ ਜੋ ਉਨ੍ਹਾਂ ਦੇ ਲਈ **ਰੱਖਿਆ ਹੋਇਆ ਹੈ**, ਪਰ ਉਸੇ ਦੌਰਾਨ ਵਿਸ਼ਵਾਸੀ ਉਨ੍ਹਾਂ ਉੱਤੇ ਨਿਆਂ ਨੂੰ ਲੈ ਆਉਣਗੇ ਜੋ ਹੈਰਾਨੀਜਨਕ ਨਵੇਂ ਸੰਦੇਸ਼ਾਂ ਨੂੰ ਲਿਆਏ ਸਨ। ਪਹਿਲੇ ਪ੍ਰਭਾਵ ਦੇ ਅਧਾਰ ਤੇ ਉਨ੍ਹਾਂ ਦਾ ਨਿਆਂ ਨਹੀਂ ਕੀਤਾ ਗਿਆ ਹੈ। ਮੀਂਹ ਦੇ ਮੌਸਮ ਵਿਚ ਝਰਨਿਆਂ ਦੇ ਵਾਂਗ ਜਾਂ ਹਨੇਰੀ ਨਾਲ ਉਡਾਏ ਹੋਏ ਬੱਦਲਾਂ ਦੇ ਵਾਂਗ, ਵਾਇਦਾ ਕੀਤਾ ਹੋਇਆ ਸਮਝੌਤੇ ਵਾਲਾ ਜਾਂ ਬਹੁਤ ਵਿਨਾਸ਼ਕਾਰੀ ਹੋ ਸਕਦਾ ਹੈ।

**ਆਇਤ 18.** ਇੱਕ ਪ੍ਰਭਾਵਸ਼ਾਲੀ ਬੁਲਾਰਾ ਕਲੀਸੀਆ ਦੇ ਲਈ ਇੱਕ ਬਹੁਤ ਵੱਡੀ ਬਰਕਤ ਹੋ ਸਕਦਾ ਹੈ, ਪਰ ਝੂਠੇ ਗੁਰੂ ਵੀ ਭੁਚਲਾਉਣ ਦੇ ਲਈ ਚੰਗੀ ਤੋਂ ਚੰਗੀ ਬਿਆਨਬਾਜੀ ਕਰ ਸਕਦੇ ਹਨ। ਕਠੋਰਤਾ ਨੂੰ ਦੂਰ ਕਰਨ ਦੀ ਅਪੀਲ ਦੇ ਨਾਲ ਪ੍ਰਭਾਵਸ਼ਾਲੀ ਬੋਲ ਚਾਲ ਅਤੇ ਬਹੁਤ ਸਾਰੇ ਲੋਕ ਪ੍ਰਭਾਵਿਤ ਹੋ ਜਾਣਗੇ। ਝੂਠੇ ਗੁਰੂ, **ਵੱਡੀਆਂ ਵੱਡੀਆਂ ਫੋਕੀਆਂ ਗੱਪਾਂ ਮਾਰ ਕੇ, ਲੁੱਚਪੁਣੇ ਨਾਲ ਸਰੀਰ ਦੀਆਂ ਕਾਮਨਾਂ ਵੱਲ ਭੁਚਲਾ** ਲੈਣ ਦੇ ਯੋਗ ਕੀਤੇ ਗਏ ਹਨ। ਉਹੀ ਸ਼ਬਦ, "ਭੁਚਲਾਉਂਦੇ," 2:14 ਵਿਚ ਵਰਤਿਆ ਗਿਆ ਹੈ। ਯੁਨਾਨੀ ਸ਼ਬਦ ਚੋਗੇ ਅਤੇ ਕੁੰਡੀ ਦਾ ਅਰਥ ਰੱਖਦਾ ਹੈ। ਜੋ ਪਹਿਲੀ ਨਜ਼ਰ ਵਿਚ ਆਕਰਸ਼ਕ ਲੱਗਦਾ ਹੈ, ਉਹ ਮੌਤ ਦਾ ਇੱਕ ਸਾਧਨ ਹੋ ਸਕਦਾ ਹੈ।

ਪਤਰਸ ਦੇ ਸ਼ਬਦ ਦੁਰਲੱਭ ਅਤੇ ਰੰਗੀਨ ਹਨ। ਉਨ੍ਹਾਂ ਵਿਚੋਂ ਕੁਝ ਨਵੇਂ ਨੇਮ ਦੇ ਬਾਕੀ

ਹਿੱਸੇ ਵਿਚ ਨਹੀਂ ਪਾਏ ਜਾਂਦੇ ਹਨ। ਸ਼ਬਦ "ਬੋਲ ਕੇ" (φθέγγομαι, *ਫੈਂਗੋਮਾਈ*) ਪਹਿਲਾਂ ਤੋਂ ਹੀ ਬਿਲਆਮ ਦੀ ਖੋਤੀ ਦੇ ਬੋਲਣ ਵਿਚ ਵਰਤਿਆ ਗਿਆ ਹੈ (2:16)। ਨਵੇਂ ਨੇਮ ਵਿਚ ਹੋਰਨਾਂ ਸਥਾਨਾਂ ਤੇ ਇਹ ਸਿਰਫ ਰਸੂਲਾਂ ਦੇ ਕਰਤੱਬ 4:18 ਵਿਚ ਇਸਤੇਮਾਲ ਕੀਤਾ ਗਿਆ ਹੈ। ਇਹ ਆਮ ਤੌਰ ਤੇ ਉੱਚੀ-ਉੱਚੀ, ਵੱਡੇ ਭਾਸ਼ਣ ਦੀ ਭਾਵਨਾ ਹੈ। ਆਪਣੇ ਆਪ ਨੂੰ ਸਪਸ਼ੱਟ ਕਰਨ ਦੇ ਲਈ, ਪਤਰਸ ਨੇ ਕਿਹਾ ਝੂਠੇ ਗੁਰੂਆਂ ਦੇ ਸ਼ਬਦ "ਹੰਕਾਰੀ" (ὑπέρογκος, *ਹੈਪਰੋਂਕੋਸ*) ਹਨ। ਵਿਸ਼ੇਸ਼ਣ ਅਕਸਰ ਕਿਸੇ ਅਜਿਹੀ ਚੀਜ਼ ਦੇ ਵਿਸ਼ੇ ਵਿਚ ਦੱਸਦਾ ਹੈ ਜੋ ਸਾਰੇ ਅਨੁਪਾਤ ਤੋਂ ਵੱਧ ਫੁੱਲ ਜਾਂਦੀ ਹੈ। ਉਨ੍ਹਾਂ ਦੇ ਸ਼ਬਦ ਦਿਖਾਵਟੀ ਅਤੇ ਕਪਟ ਨਾਲ ਭਰੇ ਹੋਏ ਅਤੇ ਬੇਕਾਰ ਸਨ।

ਜਦਕਿ ਮਸੀਹ ਵਿਚ ਵਧੇਰੇ ਸਿਆਣੇ ਲੋਕ ਝੂਠੇ ਗੁਰੂਆਂ ਨੂੰ ਉਨ੍ਹਾਂ ਦੀਆਂ "ਸਰੀਰ ਦੀਆਂ ਕਾਮਨਾਂ" ਅਤੇ **ਲੁੱਚਪੁਣੇ** ਪਹਿਚਾਣ ਸਕਦੇ ਸਨ ਕਿ ਉਹ ਕੀ ਸਨ, ਝੂਠੇ ਗੁਰੂ ਉਨ੍ਹਾਂ ਲੋਕਾਂ ਨੂੰ ਭੁਚਲਾਉਣ ਅਤੇ ਫਸਾਉਣ ਵਿਚ ਕਾਮਯਾਬ ਹੁੰਦੇ ਸਨ **ਜੋ ਭੁੱਲਿਆਂ ਹੋਇਆਂ ਤੋਂ ਹੁਣੇ ਬਚ ਕੇ ਨਿੱਕਲਣ ਲੱਗੇ** ਸਨ। ਇਸ ਗੱਲ ਦਾ ਪਤਾ ਲਗਾਉਣਾ ਮੁਸ਼ਕਲ ਹੈ ਕਿ "ਲੁੱਚਪੁਣਾ" ਵਾਕ ਵਿਚ ਕਿਵੇਂ ਕੰਮ ਕਰਦਾ ਹੈ। ਅਰਥ ਇਹ ਹੋ ਸਕਦਾ ਹੈ ਕਿ ਝੂਠੇ ਗੁਰੂਆਂ ਨਵੇਂ ਵਿਸ਼ਵਾਸੀਆਂ ਕੋਲੋਂ "ਸਰੀਰ ਦੀਆਂ ਕਾਮਨਾਂ" ਅਤੇ "ਲੁੱਚਪੁਣੇ" ਦੋਵਾਂ ਦੀ ਮੰਗ ਕੀਤੀ ਸੀ। ਦੂਜੇ ਪਾਸੇ, ਪਤਰਸ ਇਹ ਕਹਿ ਰਿਹਾ ਹੋ ਸਕਦਾ ਹੈ ਕਿ ਝੂਠੇ ਗੁਰੂਆਂ ਦਾ "ਲੁੱਚਪੁਣਾ" ਖੁਦ ਹੀ ਨਵੇਂ ਮਸੀਹੀਆਂ ਨੂੰ ਭੁਚਲਾਉਣ ਲਈ ਕੰਮ ਕਰ ਰਿਹਾ ਸੀ। ਇਹ ਸਪਸ਼ੱਟ ਹੈ: ਪੁਰਾਤਨ ਅਤੇ ਆਧੁਨਿਕ ਦੋਵਾਂ ਸੰਸਾਰਾਂ ਵਿਚ, ਜੋ ਲੋਕ ਵਿਸ਼ਵਾਸ ਵਿਚ ਜਵਾਨ ਅਤੇ ਤਜਰਬੇ ਤੋਂ ਰਹਿਤ ਹੁੰਦੇ ਹਨ ਖਾਸ ਤੌਰ ਤੇ ਝੂਠੀ ਸਿੱਖਿਆ ਦੇ ਪ੍ਰਤੀ ਬਹੁਤ ਹੀ ਸੰਵੇਦਨਸ਼ੀਲ ਹੁੰਦੇ ਹਨ। ਝੂਠੇ ਗੁਰੂ ਉਨ੍ਹਾਂ ਦਾ ਸ਼ਿਕਾਰ ਕਰਦੇ ਹਨ।

**ਆਇਤ 19.** ਪਤਰਸ ਦਾ ਆਪਣੇ ਵਿਰੋਧੀਆਂ ਦਾ ਵਰਣਨ ਨੂੰ, ਦੂਜੀ ਸਦੀ ਦੇ ਨੌਟਿਸਵਾਦ ਬਹੁਤ ਤੇਜ਼ੀ ਨਾਲ ਪੜ੍ਹਨਾ ਚਾਹੁੰਦੇ ਸਨ। ਰਹੱਸਵਾਦ ਇੱਕ ਜਟਿਲ ਵਿਚਾਰ ਪ੍ਰਣਾਲੀ ਹੈ ਜਿਸ ਵਿਚ ਇਸ ਬਿੰਦੂ ਤੱਕ ਵਿਚਾਰ ਕਰਨ ਦੇ ਲਈ ਬਹੁਤ ਕੁਝ ਹੈ।[13] ਇਹ ਸੱਚ ਹੈ ਕਿ ਕੁਝ ਨੌਟਿਸਵਾਦੀਆਂ ਨੇ ਨੈਤਿਕ ਮਜ਼ਬੂਰੀ ਦੇ ਨਾਲ ਇੱਕ ਨੈਤਿਕ ਮੁਕਤ ਪ੍ਰਣਾਲੀ ਦੀ ਵਕਾਲਤ ਕੀਤੀ ਸੀ। ਪਰ ਪਤਰਸ ਦੇ ਹਵਾਲੇ ਤੋਂ ਅਜ਼ਾਦੀ ਦੇ ਵਾਇਦੇ ਵੱਲ ਛਾਲ ਮਾਰ ਕੇ ਰਹੱਸਵਾਦੀ ਨੈਤਿਕਤਾ ਸਬੂਤ ਤੋਂ ਪਰੇ ਜਾਂਦੀ ਹੈ। ਜੇਕਰ, ਜਿਵੇਂ ਸਾਨੂੰ *ਜਾਣਕਾਰੀ* ਦੇ ਵਿਚ ਸੁਝਾਅ ਦਿੱਤਾ ਗਿਆ ਹੈ, 2 ਪਤਰਸ ਅਤੇ ਯਹੂਦਾਹ ਦੋਵੇਂ ਮਹਾਨ ਫਲਿਸਤੀਨ ਅਤੇ ਸੀਰਿਯਾ ਯਹੂਦੀ-ਮਸੀਹੀ ਮੂਲ ਸ੍ਰੋਤ ਤੋਂ ਪੈਦਾ ਹੁੰਦੀਆਂ ਹਨ, ਦੋਵੇਂ ਪੱਤ੍ਰੀਆਂ ਜਿਹ ਦੇ ਬਾਰੇ ਅਸੀਂ ਬਹੁਤ ਘੱਟ ਜਾਣਦੇ ਹਾਂ ਯਹੂਦੀ ਮਸੀਹੀਅਤ ਵਿਚ ਚੰਗੀ ਤਰ੍ਹਾਂ ਦੇ ਨਾਲ ਫਿਟ ਹੋ ਜਾਂਦੀਆਂ ਹਨ ਜੋ ਯਹੂਦੀ ਯੁੱਧ ਈ. ਵੀ. 66–77 ਤੱਕ ਦਾ ਮੋਹਰੀ ਹੈ।

ਪੌਲੁਸ ਦੀ ਵਿਸ਼ਵਾਸੀ ਯਹੂਦੀਆਂ ਨੂੰ ਗ੍ਰਿਫਤਾਰ ਕਰਨ ਲਈ ਯਾਤਰਾ (ਰਸੂਲਾਂ ਦੇ ਕਰਤੱਬ 9:1, 2) ਤੋਂ ਪਤਾ ਲੱਗਦਾ ਹੈ ਕਿ ਮਸੀਹੀ ਸੰਦੇਸ਼ ਇਸ ਖੇਤਰ ਦੇ ਯਹੂਦੀ ਸਮੂਦਾਇਆਂ ਵਿਚ ਸੜਕਾਂ ਤੇ ਸ਼ੁਰੂ ਕਰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਉੱਥੇ ਯਾਕੂਬ, ਯਹੂਦੀ ਮਸੀਹੀਅਤ, ਸੀਰਿਯਾ ਅਤੇ ਵਿਕਸਿਤ ਰਹੱਸਵਾਦ ਦੇ ਵਿਚਕਾਰ ਕਨੈਕਸ਼ਨ ਹਨ ਜੋ ਨਾਗ ਹਾਮਾਦੀ ਸਮੱਗਰੀ ਵਿਚੋਂ ਕੁਝ ਵਿਚੋਂ ਪਰਗਟ ਹੋਇਆ ਸੀ।[14] ਮਸੀਹੀ ਧਰਮ ਦੀ ਸ਼ੁਰੂਆਤ ਤੋਂ ਬਾਅਦ ਪਹਿਲੇ ਕੁਝ ਦਸ਼ਕਾਂ ਵਿਚਕਾਰ, ਕੁਝ ਵਿਸ਼ਵਾਸੀ ਯਹੂਦੀਆਂ ਨੇ ਸੀਰਿਯਾ/ਫਲਿਸਤੀਨ ਵਿਚ ਖਤਨੇ ਤੋਂ ਅਜ਼ਾਦੀ ਅਤੇ ਮੂਸਾ ਦੀ ਸ਼ਰਾ ਦੇ ਹੋਰ ਪਹਿਲੂਆਂ ਤੋਂ

ਅਜ਼ਾਦੀ ਦੀ ਸਿੱਖਿਆ ਨੂੰ ਪਹੁੰਚਾਇਆ ਅਤੇ ਇੰਨੀ ਚਰਮ ਸੀਮਾ ਤੱਕ ਪਹੁੰਚਾਇਆ ਕਿ ਮਸੀਹੀਆਂ ਦੇ ਲਈ ਕੋਈ ਨਿਰੋਧਕ ਨਿਯਮ ਨਹੀਂ ਸੀ। ਹੋ ਸਕਦਾ ਹੈ ਇਸ ਸਿੱਖਿਆ ਤੇ ਬੁਤਪ੍ਰਸਤ ਫਿਲਾਸਫੀ ਦਾ ਪ੍ਰਭਾਵ ਰਿਹਾ ਹੋਵੇ ਜੋ ਉਸ ਸਮੇਂ ਆਮ ਸੀ। ਉਸ ਸਮੇਂ ਉਨ੍ਹਾਂ ਦੀਆਂ ਸਿੱਖਿਆਵਾਂ ਨੇ ਰਹੱਸਵਾਦੀ ਪ੍ਰਣਾਲੀ ਨੂੰ ਵਿਕਸਿਤ ਕਰਨ ਵਿਚ ਯੋਗਦਾਨ ਪਾਇਆ, ਪਰ ਜਦੋਂ ਪਤਰਸ ਨੇ ਲਿਖਿਆ ਉਸ ਸਮੇਂ ਦੀ ਸਥਿਤੀ ਇਸ ਪ੍ਰਣਾਲੀ ਦੀ ਬਸ ਸ਼ੁਰੂਆਤ ਹੀ ਸੀ।

ਝੂਠੇ ਗੁਰੂ ਨਵੇਂ ਮਸੀਹੀਆਂ ਨੂੰ **ਅਜ਼ਾਦੀ ਦਾ ਵਾਇਦਾ** ਕਰਨ ਦੇ ਦੁਆਰਾ ਭੁਚਲਾਉਂਦੇ ਸਨ। "ਅਜ਼ਾਦੀ" ਨਵੇਂ ਨੇਮ ਦਾ ਇੱਕ ਮਹੱਤਵਪੂਰਣ ਸ਼ਬਦ ਹੈ। ਯਿਸੂ ਨੇ ਕਿਹਾ ਕਿ ਸੱਚਾਈ ਉਸ ਦੇ ਲੋਕਾਂ ਨੂੰ ਅਜ਼ਾਦ ਕਰੇਗੀ (ਯੂਹੰਨਾ 8:32, 33)। ਪੌਲੁਸ ਨੇ ਦਲੇਰੀ ਦੇ ਨਾਲ ਘੋਸ਼ਣਾ ਕੀਤੀ, "ਅਜ਼ਾਦੀ ਦੇ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ" (ਗਲਾਤੀਆਂ 5:1)। ਗੁਲਾਮੀ ਬਲ ਨਾਲ ਲਾਗੂ ਕੀਤੀ ਜਾ ਸਕਦੀ ਹੈ, ਪਰ ਉਹੀ ਇੱਕ ਤਰੀਕਾ ਨਹੀਂ ਹੈ ਜਿਸ ਦੇ ਦੁਆਰਾ ਲੋਕ ਆਪਣੀ ਅਜ਼ਾਦੀ ਨੂੰ ਗੁਆਉਂਦੇ ਹਨ। ਕੁਝ ਲੋਕ ਲਾਪਰਵਾਹੀ ਦੇ ਗੁਲਾਮ ਹੁੰਦੇ ਹਨ, ਕੋਈ ਬਨਾਵਟੀ ਨਿਯਮਾਂ ਅਤੇ ਕਾਨੂੰਨਾਂ ਦੇ ਦੁਆਰਾ ਗੁਲਾਮ ਬਣਾਏ ਜਾਂਦੇ ਹਨ ਅਤੇ ਹੋਰ ਕੁਝ ਸਵੈ-ਭੋਗ ਅਤੇ ਸਰੀਰ ਦੀ ਕਾਮਨਾਂ ਦੇ ਪਿੱਛੇ ਚੱਲਣ ਦੇ ਦੁਆਰਾ ਗੁਲਾਮ ਬਣਾਏ ਜਾਂਦੇ ਹਨ। ਪਤਰਸ ਨੇ ਕਿਹਾ ਕਿ ਉਹ ਗੁਰੂ ਜੋ "ਅਜ਼ਾਦੀ" ਦਾ ਵਾਇਦਾ ਕਰਦੇ ਸਨ ਉਹ **ਆਪ ਵਿਨਾਸ ਦੇ ਗੁਲਾਮ ਹਨ**।

ਰਸੂਲਾਂ ਨੇ ਆਪਣੇ ਪਾਠਕਾਂ ਦੇ ਨਾਲ ਇੱਕ ਹੈਰਾਨੀਜਨਕ ਮਨੋਵਿਗਿਆਨਕ ਸਮਝ ਦੀ ਪੇਸ਼ਕਸ਼ ਕੀਤੀ: **ਕਿਉਂਕਿ ਜਿਹ ਦਾ ਕੋਈ ਹਠਾੜੂ ਹੋ ਗਿਆ ਸੋ ਉਹ ਦਾ ਗੁਲਾਮ ਵੀ ਬਣਿਆ ਹੈ**। ਪਤਰਸ ਦੇ ਮਨ ਵਿਚ ਗੰਭੀਰ ਬੁਰੀਆਂ ਆਦਤਾਂ ਅਤੇ ਪਾਪ ਸੀ। ਜਿਨਸੀ ਸੰਬੰਧ ਦਾ ਲਾਇਸੈਂਸ ਦੇਣਾ ਵੀ ਗੁਲਾਮ ਕਰ ਸਕਦਾ ਹੈ। ਇਹ ਸੁਰੱਖਿਅਤ ਘਰਾਂ ਅਤੇ ਬੱਚਿਆਂ ਨੂੰ ਵੱਧਦੇ ਵੇਖਣ ਦੀ ਖੁਸ਼ੀ ਨੂੰ ਲੁੱਟ ਸਕਦਾ ਹੈ। ਜੋ ਲੋਕ ਆਪਣੀਆਂ ਵਿਲਾਸੀ ਇੱਛਾਵਾਂ ਦੇ ਗੁਲਾਮ ਬਣ ਜਾਂਦੇ ਹਨ ਉਹ ਜੀਵਨ ਦੇ ਆਪਣੇ ਢੰਗ ਵਿਚ ਕਈ ਵਾਰ ਵਿਨਾਸ਼ਕਾਰੀ ਸਿੱਟਿਆਂ ਨੂੰ ਵੇਖਦੇ ਹਨ। ਉਹ ਬਾਹਰ ਆਉਣਾ ਚਾਹੁੰਦੇ ਹਨ, ਪਰ ਉਹ ਇੰਨੇ ਫਸ ਚੁੱਕੇ ਹੁੰਦੇ ਹਨ ਕਿ, ਉਨ੍ਹਾਂ ਨੂੰ ਪਤਾ ਨਹੀਂ ਲੱਗਦਾ ਕਿ ਉਹ ਬਾਹਰ ਕਿਵੇਂ ਆ ਸਕਦੇ ਹਨ। ਇਹੀ ਗੱਲ ਲਾਲਚ, ਸ਼ਰਾਬ ਜਾਂ ਹੋਰ ਨਸ਼ਾਖੋਰੀ ਅਤੇ ਕੁੜੱਤਣ ਦੇ ਲਈ ਕਹੀ ਜਾ ਸਕਦੀ ਹੈ। ਜੋ ਸਖਤਾਈਆਂ ਯਿਸੂ ਨੇ ਲੋਕਾਂ ਤੇ ਲਾਗੂ ਕੀਤੀਆਂ ਉਹ ਚੰਗੇ, ਖੁਸ਼ਹਾਲ ਅਤੇ ਭਰਪੂਰ ਜੀਵਨਾਂ ਦੇ ਲਈ ਸਨ।

**ਆਇਤ 20.** ਪਤਰਸ ਲਗਾਤਾਰ ਨਵੇਂ ਮਨ ਪਰਿਵਰਤਨ ਕੀਤੇ ਹੋਏ ਮਸੀਹੀਆਂ ਤੇ ਝੂਠੇ ਗੁਰੂਆਂ ਦੇ ਪ੍ਰਭਾਵ ਦੇ ਸੰਬੰਧ ਵਿਚ ਚਿੰਤਾ ਵਿਚ ਰਿਹਾ। ਵਾਕਾਂ ਵਿਚ ਵਿਆਕਰਣਿਕ ਪੜਨਾਵਾਂ ਦੀ ਦ੍ਰਿਸ਼ਟੀ ਤੋਂ **ਬਚ ਕੇ ਓਸ ਵਿੱਚ ਮੁੜ ਫਸਣ** ਖੁਦ ਝੂਠੇ ਗੁਰੂਆਂ ਦਾ ਹਵਾਲਾ ਦੇ ਸਕਦੇ ਹਨ ਜਾਂ ਉਹ ਲੋਕ ਜੋ ਆਤਮਿਕ ਤੌਰ ਤੇ ਸਿਆਣੇ ਨਹੀਂ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਪ੍ਰਭਾਵਿਤ ਕੀਤਾ। ਜੋ ਰਸੂਲ ਨੇ ਕਿਹਾ ਉਹ ਨਾਸਤਿਕਤਾ ਤੇ ਵੀ ਸਮਾਨ ਰੂਪ ਵਿਚ ਲਾਗੂ ਹੁੰਦਾ ਹੈ, ਭਾਵੇਂ ਉਹ ਆਪਣੀ ਬਗਾਵਤ ਵਿਚ ਬਣੇ ਹੋਏ ਸਨ ਜਾਂ ਮੁਕਾਬਲਤਨ ਨਵੇਂ ਮਸੀਹੀ ਸਨ ਜਿਨ੍ਹਾਂ ਨੂੰ ਗੁਮਰਾਹ ਕੀਤਾ ਗਿਆ ਸੀ ਜਾਂ ਗਲਤ ਜਾਣਕਾਰੀ ਦਿੱਤੀ ਗਈ ਸੀ। ਕਿਸੇ ਵੀ ਮਾਮਲੇ ਵਿਚ, ਉਨ੍ਹਾਂ ਦਾ **ਪਿਛਲਾ ਹਾਲ ਪਹਿਲੇ ਨਾਲੋਂ ਬੁਰਾ ਹੋਇਆ**। ਭਾਵੇਂ, ਇਹ ਆਇਤ ਇੱਕ ਚੇਤਾਵਨੀ ਦਿੰਦੀ ਹੈ; ਪਰ ਇਹ ਇੱਕ ਚਿੰਤਾ ਨੂੰ ਵਿਅਕਤ ਕਰਦੀ ਹੈ। ਖੁਦ ਝੂਠੇ ਗੁਰੂਆਂ ਦੇ ਲਈ, ਇਹ ਚੇਤਾਵਨੀ ਦੇ ਲਈ ਬਹੁਤ ਹੀ ਦੇਰ ਸੀ। ਉਹ "ਨਾਸ" (2:12)

ਹੋਣਗੇ। ਉਹ “ਕਲੰਕ ਅਤੇ ਦਾਗ ਸਨ . . . ਸਰਾਪ ਦੇ ਪੁੱਤ੍ਰ ਹਨ” (2:13, 14)। ਇਸ ਆਇਤ ਦੀ ਚੇਤਾਵਨੀ “ਡੋਲਣ ਵਾਲੇ ਜੀਵਾਂ” (2:14) ਲਈ ਸੀ, ਖਾਸ ਤੌਰ ਤੇ ਨਵੇਂ ਮਸੀਹੀਆਂ ਦੇ ਲਈ। ਜੇਕਰ ਇਹ ਮਸੀਹੀ ਉਨ੍ਹਾਂ ਗੁਰੂਆਂ ਦੇ ਪਿੱਛੇ ਚੱਲੇ ਸਨ ਜਿਨ੍ਹਾਂ ਨੇ ਰਸੂਲਾਂ ਦਾ ਵਿਰੋਧ ਕੀਤਾ ਸੀ, ਤਾਂ ਉਹ ਵੇਖਣਗੇ ਕਿ ਉਨ੍ਹਾਂ ਦੀ ਦਸ਼ਾ ਉਸ ਸਮੇਂ ਨਾਲੋਂ ਵੀ ਬੱਦਤਰ ਹੋਵੇਗੀ ਜਿੰਨੀ ਇੰਜੀਲ ਸੁਣਨ ਤੋਂ ਪਹਿਲਾਂ ਸੀ।

ਪਤਰਸ ਦੇ ਲਈ, ਮਸੀਹੀ ਬਣਨਾ **ਸੰਸਾਰ ਦੇ ਗੰਦ ਮੰਦ ਤੋਂ** ਬਚਣਾ ਸੀ। ਉਹ ਸ਼ਬਦ ਜਿਸ ਦਾ ਅਨੁਵਾਦ “ਗੰਦ ਮੰਦ” (μίασμα, *ਮੇਆਜ਼ਮਾ*) ਕੀਤਾ ਗਿਆ ਹੈ ਉਹ ਨਵੇਂ ਨੇਮ ਵਿਚ ਸਿਰਫ ਇਸ ਸਥਾਨ ਤੇ ਹੀ ਪਾਇਆ ਗਿਆ ਹੈ। ਇਹ ਇੱਕ ਸ਼ਬਦ ਹੈ ਜੋ ਨੈਤਿਕ ਕਲੰਕ, ਸ਼ਰਮਨਾਕ ਕੰਮਾਂ ਨੂੰ ਆਪਣੇ ਆਪ ਅਤੇ ਦੂਜਿਆਂ ਦੇ ਲਈ ਵਿਨਾਸਕਾਰੀ ਦਰਸਾਉਂਦਾ ਹੈ। “ਸੰਸਾਰ ਦਾ” ਬਹੁਤ ਸਾਰੇ ਲੋਕਾਂ ਦਾ ਆਮ ਵਿਹਾਰ, ਭ੍ਰਿਸ਼ਟਤਾ ਵੱਲ ਜਾਂਦਾ ਹੈ। ਦੁਨੀਆਂ ਦੇ ਵਿਹਾਰ ਦੇ ਅਨੁਸਾਰ ਚੱਲਣਾ ਪਰਮੇਸ਼ੁਰ ਅਤੇ ਸਾਥੀਆਂ ਦੀਆਂ ਨਜ਼ਰਾਂ ਵਿਚ ਦੁੱਖ, ਅਪਮਾਨ ਵੱਲ ਅਗਵਾਈ ਕਰਦਾ ਹੈ। ਇਹ ਆਪਣੇ ਆਪ ਤੇ ਧਿਆਨ ਕੇਂਦ੍ਰਿਤ ਕਰਕੇ ਆਤਮਾ ਦੇ ਅਨੁਸਾਰ ਜੀਉਣ ਦੇ ਉਤਸ਼ਾਹ ਨੂੰ ਖਤਮ ਕਰ ਦਿੰਦਾ ਹੈ। ਜਦੋਂ ਕੋਈ ਮਸੀਹ ਦੀ ਸੁਣਦਾ ਹੈ, ਤਾਂ ਪਰਮੇਸ਼ੁਰ ਉਸ ਨੂੰ ਪਾਪ ਦੀ ਦਲਦਲ ਦੇ ਵਿਚੋਂ ਉੱਪਰ ਚੁੱਕਦਾ ਹੈ। ਉਸ ਦਾ ਪਰਮੇਸ਼ੁਰ ਦੇ ਨਾਲ ਮੇਲ-ਮਿਲਾਪ ਹੋ ਜਾਂਦਾ ਹੈ; ਉਹ ਜੀਵਨ ਦੇ ਉਸ ਰਾਹ ਨੂੰ ਛੱਡ ਦਿੰਦਾ ਹੈ ਜੋ ਪ੍ਰਦੂਸ਼ਿਤ ਅਤੇ ਅਸ਼ੁੱਧ ਕਰਦਾ ਹੈ। ਸੰਸਾਰ, ਜੋ ਅਨੰਦ ਦੇ ਵਾਇਦੇ ਕਰਦਾ ਹੈ, ਇਸ ਦੇ ਸਵੈ-ਕੇਂਦ੍ਰਿਤ ਮਾਰਗ, ਪਵਿੱਤਰਤਾ ਤੋਂ ਇਸ ਦਾ ਇਨਕਾਰ, ਭ੍ਰਿਸ਼ਟਤਾਵਾਂ ਅਤੇ ਧੋਖੇ। ਮਸੀਹ ਵਿਚ ਵਿਸ਼ਵਾਸ ਕਰਨ ਦੇ ਦੁਆਰਾ ਇਸ ਦੀ ਸ਼ਰਮਿੰਦਗੀ ਤੋਂ ਬਚਿਆ ਜਾ ਸਕਦਾ ਹੈ।

**ਪ੍ਰਭੂ ਅਤੇ ਮੁਕਤੀ ਦਾਤਾ ਯਿਸੂ ਮਸੀਹ ਦੇ ਗਿਆਨ ਦੇ ਦੁਆਰਾ** ਇਸ ਸੰਸਾਰ ਦੀ ਭ੍ਰਿਸ਼ਟਤਾ ਤੋਂ ਬਚਿਆ ਜਾ ਸਕਦਾ ਹੈ। ਜੋ ਸੰਦੇਸ਼ ਪਤਰਸ ਅਤੇ ਹੋਰ ਰਸੂਲਾਂ ਦੀਆਂ ਗਵਾਹੀਆਂ ਦੇ ਦੁਆਰਾ ਦਿੱਤਾ ਗਿਆ ਸੀ ਉਹ “ਗਿਆਨ” ਹੈ ਜਿਸ ਦਾ ਸੋਤਾ ਮਸੀਹ ਵਿਚ ਸੀ। ਹੋਰਨਾਂ ਨੇ ਗਿਆਨ ਦਾ ਦਾਅਵਾ ਕੀਤਾ, ਪਰ ਉਨ੍ਹਾਂ ਦਾ ਗਿਆਨ ਸਵੈ-ਸੇਵਾ ਦੀ ਚਤਰਾਈ ਦੇ ਬਰਾਬਰ ਹੈ। ਯੂਹੰਨਾ ਦੇ ਸ਼ਬਦਾਂ ਵਿਚ, ਵਿਸ਼ਵਾਸੀ ਜ਼ਰੂਰ, “ਆਤਮਿਆਂ ਨੂੰ ਪਰਖੋ” (1 ਯੂਹੰਨਾ 4:1)। ਇੱਕ ਗੁਰੂ ਕੋਲੋਂ ਸੁਣਨ ਅਤੇ ਸਿੱਖਣ ਦਾ ਇੱਕ ਸਮਾਂ ਹੁੰਦਾ ਹੈ, ਪਰ ਸਮਾਲੋਚਨਾ ਦੀ ਯੋਗਤਾ ਤੋਂ ਰਹਿਤ ਹੋ ਕੇ ਸੁਣਨਾ ਕਿਸੇ ਨੂੰ “ਫਿਰ ਤੋਂ ਉਲਝਾ” ਸਕਦਾ ਹੈ ਅਤੇ ਉਸੇ ਗੰਦ ਮੰਦ ਦੇ ਦੁਆਰਾ ਫਿਰ ਤੋਂ **ਹਰਾਇਆ** ਜਾ ਸਕਦਾ ਹੈ ਜਿਸ ਵਿਚੋਂ ਉਹ ਬਚ ਕੇ ਨਿਕਲਿਆ ਹੈ। ਉਹ ਜੋ ਹੁਣੇ ਹੀ ਸੰਸਾਰ ਵੱਲੋਂ ਮਸੀਹ ਦੇ ਨਿਰਦੇਸ਼ਿਤ ਜੀਵਨ ਵੱਲ ਮੁੜੇ ਹਨ ਅਤੇ ਜਿਹੜੇ ਝੂਠੇ ਗੁਰੂਆਂ ਦੇ ਕਪਟ ਦੇ ਦੁਆਰਾ ਭਰਮਾਏ ਜਾਣ ਦੇ ਲਈ ਅਤਿ ਸੰਵੇਦਨਸ਼ੀਲ ਹੁੰਦੇ ਹਨ, ਖਾਸ ਤੌਰ ਤੇ ਜਿਨ੍ਹਾਂ ਨੇ ਇੱਕ ਸੌਖੀ ਮੁਕਤੀ ਦਾ ਵਾਇਦਾ ਕੀਤਾ ਹੈ ਜੋ ਮੰਗਾਂ ਤੋਂ ਰਹਿਤ ਹੋਵੇ।

ਪਤਰਸ ਨੇ ਅਚਾਨਕ ਉਨ੍ਹਾਂ ਲੋਕਾਂ ਦੇ ਲਈ ਕਿਹਾ ਜੋ ਸੰਸਾਰ ਵੱਲ ਵਾਪਸ ਮੁੜਦੇ ਹਨ, “ਉਨ੍ਹਾਂ ਦਾ ਪਿਛਲਾ ਹਾਲ ਪਹਿਲੇ ਨਾਲੋਂ ਬੁਰਾ ਹੋਇਆ।” ਮਸੀਹੀ ਹੋਣ ਤੋਂ ਪਹਿਲਾਂ ਉਹ ਗੁਆਚੇ ਹੋਏ, ਕ੍ਰੋਧ ਦੀ ਸੰਤਾਨ ਅਤੇ ਬਿਨਾਂ ਆਸ ਤੋਂ ਸਨ। ਕੀ ਉਨ੍ਹਾਂ ਨੂੰ ਸੰਸਾਰ ਵੱਲ ਵਾਪਸ ਪਰਤਣਾ ਚਾਹੀਦਾ ਹੈ, ਤਾਂ ਕਿਵੇਂ ਚੀਜ਼ਾਂ ਹੋਰ ਵੀ ਬਦਤਰ ਹੋ ਸਕਦੀਆਂ ਹਨ? ਅਸੀਂ ਸਿਰਫ ਕਲਪਨਾ ਕਰ ਸਕਦੇ ਹਾਂ ਕਿ ਉਨ੍ਹਾਂ ਦੀ ਪਿਛਲੀ ਦਸ਼ਾ ਪਹਿਲੀ ਤੋਂ ਵੀ ਬਦਤਰ ਕਿਵੇਂ ਹੋ ਸਕਦੀ ਸੀ। ਯਿਸੂ ਨੇ ਘੋਸ਼ਣਾ ਕੀਤੀ, “ਜਿਸ ਕਿਸੇ ਨੂੰ ਬਹੁਤ ਦਿੱਤਾ ਗਿਆ ਹੈ ਉਸ ਤੋਂ ਬਹੁਤੇ

ਦਾ ਲੇਖਾ ਲਿਆ ਜਾਵੇਗਾ ਅਤੇ ਜਿਹ ਨੂੰ ਲੋਕਾਂ ਨੇ ਬਹੁਤ ਸੌਂਪਿਆ ਹੈ ਉਸ ਤੋਂ ਵਧੀਕ ਮੰਗਣਗੇ" (ਲੂਕਾ 12:48)। ਉਸ ਨੂੰ ਜ਼ਿਆਦਾ ਸੌਂਪਿਆ ਗਿਆ ਹੈ ਜਿਸ ਨੂੰ "ਪ੍ਰਭੂ ਅਤੇ ਮੁਕਤੀ ਦਾਤਾ ਯਿਸੂ ਮਸੀਹ ਦਾ ਗਿਆਨ" ਪ੍ਰਾਪਤ ਹੋਇਆ ਹੈ। ਉਸ ਨੇ "ਸੁਰਗੀ ਦਾਨ ਦਾ ਸੁਆਦ ਚੱਖਿਆ ਹੈ" (ਇਬਰਾਨੀਆਂ 6:4)। ਜਦੋਂ ਪ੍ਰਭੂ ਵਾਪਸ ਆਵੇਗਾ, ਨਿਆਂ ਦੇ ਵਿਚ, ਉਹ ਮੌਕਿਆਂ ਨੂੰ ਗੁਆਉਣ ਅਤੇ ਵਾਇਦਿਆਂ ਨੂੰ ਤੋੜਣ ਦਾ ਹਿਸਾਬ ਲਵੇਗਾ। ਉਸ ਦੀ ਸਜ਼ਾ ਉਸ ਦੇ ਨਾਲੋਂ ਕਿਸੇ ਨਾ ਕਿਸੇ ਤਰ੍ਹਾਂ ਹੋਰ ਵੀ ਗੰਭੀਰ ਹੋ ਜਾਵੇਗੀ ਜਿਸ ਨੂੰ ਮੁਕਤੀਦਾਤੇ ਦੇ ਕੋਲ ਆਉਣ ਦੇ ਕੁਝ ਹੀ ਮੌਕੇ ਮਿਲੇ ਹੋਣਗੇ। ਸ਼ਾਇਦ ਇਹੀ ਸਭ ਤੋਂ ਉੱਤਮ ਹੋਵੇਗਾ ਕਿ ਅਸੀਂ ਇਹ ਕਲਪਨਾ ਨਾ ਕਰੀਏ ਕਿ ਕਿਵੇਂ ਉਸ ਦੀ ਸਜ਼ਾ ਹੋਰ ਵੀ ਭਿਆਨਕ ਹੋ ਜਾਵੇਗੀ।

ਯਿਸੂ ਅਤੇ ਰਸੂਲਾਂ ਦੋਵਾਂ ਦੀਆਂ ਸਿੱਖਿਆਵਾਂ ਤੋਂ, ਕਿਹੜੀ ਗੱਲ ਸਪਸ਼ੱਟ ਹੈ, ਕਿ ਉਹ ਲੋਕ ਜੋ ਮਸੀਹ ਵਿਚ ਹਨ, ਜਿਵੇਂ ਉਹ ਚੁਣਦੇ ਹਨ, ਆਪਣੀਆਂ ਪਿੱਠਾਂ ਮਸੀਹ ਵੱਲ ਫੇਰ ਸਕਦੇ ਹਨ। ਜੋ ਮਸੀਹ ਵਿਚ ਹੈ ਉਸ ਦੀ ਕੋਈ ਗਰੰਟੀ ਨਹੀਂ ਹੈ ਕਿ ਉਹ ਮਸੀਹ ਵਿਚ ਹੀ ਰਹੇਗਾ। ਪ੍ਰਸਿੱਧ ਡਾਕਟ੍ਰਿਨ ਜੋ ਅਕਸਰ ਕਹੀ ਜਾਂਦੀ ਹੈ ਜਿਵੇਂ "ਜੋ ਇੱਕ ਵਾਰ ਬਚਾਇਆ ਗਿਆ, ਉਹ ਹਮੇਸ਼ਾ ਬਚਾਇਆ ਜਾਵੇਗਾ" ਇਹ ਬਾਈਬਲ ਦੀ ਸਿੱਖਿਆ ਨਹੀਂ ਹੈ। ਪੌਲੁਸ ਨੇ ਆਪਣੇ ਸੰਬੰਧ ਵਿਚ ਕਿਹਾ ਕਿ ਕਿਤੇ ਮੈਂ ਹੋਰਨਾਂ ਨੂੰ ਉਪਦੇਸ਼ ਕਰ ਕੇ ਆਪ "ਅਪਰਵਾਨ ਹੋ ਜਾਵਾਂ" (1 ਕੁਰਿੰਥੀਆਂ 9:27; KJV)। ਯਿਸੂ ਨੇ ਇੱਕ ਆਦਮੀ ਦੇ ਬਾਰੇ ਇੱਕ ਦ੍ਰਿਸ਼ਟਾਂਤ ਦੱਸਿਆ ਜਿਸ ਦੇ ਵਿਚ ਇੱਕ ਦੁਸ਼ਟਾਤਮਾ ਸੀ। ਦੁਸ਼ਟਾਤਮਾ ਉਸ ਵਿਚੋਂ ਨਿਕਲ ਗਈ ਅਤੇ ਉਸ ਨੂੰ ਰਹਿਣ ਦੇ ਲਈ ਕੋਈ ਯੋਗ ਸਥਾਨ ਨਾ ਮਿਲਿਆ। ਉਹ ਵਾਪਸ ਆਈ ਅਤੇ ਵੇਖਿਆ ਕਿ ਉਸ ਨੇ ਆਪਣੇ ਜੀਵਨ ਨੂੰ ਕਿਸੇ ਵੀ ਚੰਗੀ ਚੀਜ਼ ਦੇ ਨਾਲ ਭਰਿਆ ਨਹੀਂ ਸੀ। ਉਹ ਉਸ ਦੁਸ਼ਟਾਤਮਾ ਦੇ ਵਾਪਸ ਪਰਤਣ ਅਤੇ ਰਹਿਣ ਦੇ ਲਈ ਤਿਆਰ ਸੀ ਜੋ ਆਪਣੇ ਨਾਲ ਸੱਤ ਹੋਰ ਗੰਦੀਆਂ ਦੁਸ਼ਟਾਤਮਾਵਾਂ ਨੂੰ ਲੈ ਕੇ ਆ ਗਈ। ਇਹ ਦ੍ਰਿਸ਼ਟਾਂਤ ਉਸ ਵਿਅਕਤੀ ਦੇ ਬਾਰੇ ਕਹਿੰਦਾ ਹੈ ਜੋ ਸਾਫ ਕੀਤਾ ਗਿਆ ਸੀ ਅਤੇ ਫਿਰ ਆਪਣੇ ਪਹਿਲੇ ਪਾਪਾਂ ਦੇ ਵਿਚ ਮੁੜ ਜਾਂਦਾ ਹੈ (ਮੱਤੀ 12:43–45)।

**ਆਇਤ 21.** ਰਸੂਲ ਨੇ ਪਿਛਲੀ ਆਇਤ ਦੇ ਨਾਲ ਅੰਤਿਮ ਵਾਕ ਦਾ ਵਿਸਥਾਰ ਕੀਤਾ ਅਤੇ ਉਸ ਨੂੰ ਸਪਸ਼ੱਟ ਕੀਤਾ। ਦੋ ਵਾਰ ਉਸ ਨੇ ਜਾਣਨ ਦੀ ਗੱਲ ਕੀਤੀ। ਚਿੰਤਾ ਦਾ ਵਿਸ਼ਾ ਉਹ ਲੋਕ ਸਨ "ਜਿਹੜੇ ਭੁੱਲਿਆਂ ਹੋਇਆਂ ਤੋਂ ਹੁਣੇ ਬਚ ਕੇ ਨਿੱਕਲਣ ਲੱਗੇ ਹਨ" (2:18)। ਮਸੀਹ ਨੂੰ ਜਾਨਣਾ ਕਿਸੇ ਦੇ ਦੁਆਰਾ ਉਸ ਉੱਤੇ ਵਿਸ਼ਵਾਸ ਕਰਨ, ਉਸ ਦੇ ਕੋਲ ਆਉਣ, ਉਸ ਦੀ ਆਗਿਆਕਾਰੀ ਕਰਨ, ਜੀਵਨ ਨੂੰ ਭਾਲਣ ਦੇ ਬਰਾਬਰ ਹੈ। ਉਨ੍ਹਾਂ ਲੋਕਾਂ ਦੇ ਲਈ ਜੋ ਝੂਠੇ ਗੁਰੂਆਂ ਦੇ ਪਿੱਛੇ ਚੱਲਦੇ ਸਨ, **ਧਰਮ ਦਾ ਮਾਰਗ ਨਾ ਹੀ ਜਾਣਨਾ ਇਸ ਨਾਲੋਂ ਚੰਗਾ ਸੀ ਭਈ ਉਹ ਨੂੰ ਜਾਣ ਕੇ ਓਸ ਪਵਿੱਤਰ ਆਗਿਆ ਤੋਂ ਜੋ ਉਨ੍ਹਾਂ ਨੂੰ ਕੀਤੀ ਗਈ ਸੀ ਫਿਰ ਜਾਣ**। ਰਸੂਲਾਂ ਦੇ ਕਰਤੱਬ ਵਿਚ, ਲੂਕਾ ਅਕਸਰ ਯਿਸੂ ਮਸੀਹ ਦੀ ਕਲੀਸੀਆ ਨੂੰ ਸਧਾਰਣ ਤੌਰ ਤੇ "ਪੰਥ" ਕਿਹਾ (ਰਸੂਲਾਂ ਦੇ ਕਰਤੱਬ 9:2; 19:9, 23; 22:4; 24:22)। ਪਤਰਸ ਦੇ ਲਈ ਇਹ "ਸਚਿਆਈ ਦਾ ਮਾਰਗ" (2 ਪਤਰਸ 2:2), "ਸਿੱਧਾ ਰਾਹ" (2 ਪਤਰਸ 2:15) ਅਤੇ "ਧਾਰਮਿਕਤਾ ਦਾ ਰਾਹ" ਸੀ।

"ਪਵਿੱਤਰ ਆਗਿਆ" ਸਿੱਖਿਆ ਨੂੰ ਜ਼ਾਹਿਰ ਕਰਦੀ ਹੈ, ਜਿਸ ਵਿਚ ਪਵਿੱਤਰ ਜੀਵਨ ਦੇ ਲਈ ਆਦੇਸ਼ਾਤਮਕ ਸਿੱਖਿਆ ਅਤੇ ਮੰਗਾਂ ਸ਼ਾਮਲ ਹਨ ਜੋ ਸਹਿਜੇ ਹੀ ਇੰਜੀਲ ਵਿਚ ਪਾਈਆਂ ਜਾਂਦੀਆਂ ਹਨ। ਪਤਰਸ ਨੇ ਇੰਜੀਲ ਦੀ ਬਜਾਇ ਸ਼ਬਦ "ਆਗਿਆ" ਦਾ

ਇਸਤੇਮਾਲ ਕੀਤਾ ਕਿਉਂਕਿ ਝੂਠੇ ਗੁਰੂਆਂ ਦੇ ਦੁਆਰਾ ਉਠਾਏ ਗਏ ਮੁੱਦੇ ਸ਼ਰਾ ਦੇ ਨਾਲ ਸੰਬੰਧਤ ਸਨ। ਉਹ "ਅਜ਼ਾਦੀ" ਦਾ ਵਾਇਦਾ ਤਾਂ ਕਰਦੇ ਹਨ ਪਰ ਓਹ ਆਪ "ਵਿਨਾਸ ਦੇ ਗੁਲਾਮ" ਹਨ (2:19)। ਮਸੀਹ ਦੇ ਵੱਲੋਂ ਫਿਰ ਜਾਣ ਦਾ ਪਹਿਲਾ ਕਦਮ, ਕਿਸੇ ਦੇ ਦੁਆਰਾ ਆਪਣੇ "ਪਹਿਲੇ ਪ੍ਰੇਮ" (ਪਰਕਾਸ਼ 2:4) ਛੱਡ ਦੇਣਾ, ਸ਼ਰਾ ਦੀ ਕਠੋਰਤਾ ਤੋਂ ਖਿੱਝ ਜਾਣਾ ਹੁੰਦਾ ਹੈ। ਇੰਜੀਲ ਦੀਆਂ ਮੰਗਾਂ ਇਖਤਿਆਰੀ ਨਹੀਂ ਹਨ। ਪਰਮੇਸ਼ੁਰ ਦਾ ਫੈਸਲਾ ਇਹ ਨਹੀਂ ਹੈ ਕਿ ਉਸ ਦੇ ਲੋਕਾਂ ਦੇ ਲਈ ਆਪਣੀ ਵਫ਼ਾਦਾਰੀ ਨੂੰ ਪਰਗਟ ਕਰਨ ਦੇ ਲਈ ਕੁਝ ਘੇਰਿਆਂ ਨੂੰ ਟੱਪਣਾ ਕਾਫ਼ੀ ਨਹੀਂ ਹੈ। ਪੁਰਾਣੇ ਸਮੇਂ ਦੇ ਵਾਂਗ, ਪਰਮੇਸ਼ੁਰ "ਸਾਡੀ ਭਲਿਆਈ ਦੇ ਲਈ" (ਬਿਵਸਥਾ ਸਾਰ 6:24) ਸ਼ਰਾ ਦਿੰਦਾ ਹੈ। ਉਹ ਬੋਝ ਨਹੀਂ ਹਨ (1 ਯੂਹੰਨਾ 5:3); ਉਹ ਅਨੰਦ ਅਤੇ ਸ਼ਾਂਤੀ ਦੇ ਮਾਰਗਾਂ ਤੇ ਜੀਵਨ ਦੀ ਅਗਵਾਈ ਕਰਦੇ ਹਨ।

ਜਿਨ੍ਹਾਂ ਲੋਕਾਂ ਨੇ ਭਲਾਈ, ਆਸ ਅਤੇ ਮਸੀਹੀ ਜੀਵਨ ਦੀ ਸੰਗਤੀ ਦਾ ਅਨੁਭਵ ਕੀਤਾ ਅਤੇ ਫਿਰ ਮਨੁੱਖੀ ਭੋਗ ਵਿਲਾਸ ਦੇ ਰਾਹ ਤੇ ਮੁੜ ਜਾਂਦੇ ਹਨ ਉਹ ਉਨ੍ਹਾਂ ਦੀ ਦਸ਼ਾ ਉਸ ਸਮੇਂ ਤੋਂ ਵੀ ਬਹੁਤੇ ਪਾਪ ਦੇ ਭਾਗੀ ਹੋ ਜਾਂਦੇ ਹਨ ਜਿੰਨਾ ਉਹ "ਧਰਮ ਦੇ ਮਾਰਗ" ਨਾ ਜਾਨਣ ਦੇ ਸਮੇਂ ਸਨ। ਉਹ ਮਸੀਹ ਵਰਗੇ ਜੀਵਨ ਅਤੇ ਵਿਲਾਸੀ ਜੀਵਨ ਵਿਚਲੇ ਫਰਕ ਨੂੰ ਜਾਣਦੇ ਹਨ। ਦੋਵਾਂ ਦਾ ਅਨੁਭਵ ਕਰਨ ਤੋਂ ਬਾਅਦ, ਉਨ੍ਹਾਂ ਨੇ ਜਾਣ – ਬੁੱਝ ਕੇ ਬਾਅਦ ਵਾਲੇ ਨੂੰ ਚੁਣਿਆ ਹੈ। ਮਸੀਹ ਨੂੰ ਜਾਣਨ ਤੋਂ ਪਹਿਲਾਂ ਅਤੇ "ਪਵਿੱਤਰ ਆਗਿਆ" ਤੋਂ ਮੁੜ ਜਾਣ ਤੋਂ ਬਾਅਦ, ਦੋਵੇਂ ਵਾਰ ਉਹ ਪਾਪ ਵਿਚ ਗੁਆਚ ਗਏ ਸਨ, ਪਰ ਉਨ੍ਹਾਂ ਨੂੰ ਇੰਜੀਲ ਦੇ ਸੰਦੇਸ਼ ਵੱਲ ਫਿਰ ਤੋਂ ਮੋੜ ਲਿਆਉਣਾ ਹੋਰ ਵੀ ਮੁਸ਼ਕਲ ਹੋਵੇਗਾ। ਉਨ੍ਹਾਂ ਦੇ ਲਈ "ਧਰਮ ਦਾ ਮਾਰਗ ਨਾ ਹੀ ਜਾਣਨਾ ਇਸ ਨਾਲੋਂ ਚੰਗਾ ਸੀ।"

ਪਤਰਸ ਨੇ ਕਿਹਾ ਕਿ "ਪਵਿੱਤਰ ਆਗਿਆ" **ਤੋਂ ਜੋ ਉਨ੍ਹਾਂ ਨੂੰ ਕੀਤੀ ਗਈ ਸੀ**। ਰਸੂਲਾਂ ਨੇ ਪੁਰਾਣੇ ਨੇਮ ਦੇ ਵਚਨਾਂ, ਯਿਸੂ ਦੀਆਂ ਸਿੱਖਿਆਵਾਂ ਅਤੇ ਪਵਿੱਤਰ ਆਤਮਾ ਦੇ ਪ੍ਰਕਾਸ਼ਨ ਦੇ ਦੁਆਰਾ ਸੱਚਾਈ ਦੇ ਮਾਰਗ ਨੂੰ ਜਾਣਿਆ। ਹੋਰ ਸਭਨਾਂ ਨੂੰ ਮਾਰਗ "ਸੌਂਪਿਆ ਗਿਆ ਸੀ।" ਦੋ ਹਜ਼ਾਰ ਸਾਲਾਂ ਦੇ ਲਈ "ਧਰਮ ਦਾ ਮਾਰਗ" ਪੀੜ੍ਹੀ ਦਰ ਪੀੜ੍ਹੀ ਸੌਂਪਿਆ ਗਿਆ ਹੈ। ਜੋ ਲੋਕ ਮਸੀਹ ਨੂੰ ਜਾਣਦੇ ਹਨ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਇੰਜੀਲ ਦਾ ਸੰਦੇਸ਼ ਅਗਲੀ ਪੀੜ੍ਹੀ ਨੂੰ ਸੌਂਪਣ। ਮਾਤਾ ਪਿਤਾ ਨੂੰ ਆਪਣੇ ਬੱਚਿਆਂ ਨੂੰ ਸਿਖਾਉਣਾ ਚਾਹੀਦਾ ਹੈ। ਘਰ ਅਤੇ ਕਲੀਸੀਆ ਦੋਵਾਂ ਨੂੰ ਇਕੱਠੇ ਮਿਲ ਕੇ ਉਨ੍ਹਾਂ ਲੋਕਾਂ ਤੋਂ ਪਾਰ ਜੋ ਸੱਚਾਈ ਨੂੰ ਜਾਣਦੇ ਅਤੇ ਦੂਜਿਆਂ ਦੀ "ਧਰਮ ਦੇ ਮਾਰਗ" ਵੱਲ ਅਗਵਾਈ ਕਰਦੇ ਹਨ ਪਹੁੰਚਣਾ ਹੈ। ਪਰਮੇਸ਼ੁਰ ਨੇ ਸੰਸਾਰ ਦੇ ਲੋਕਾਂ ਵਿਚਕਾਰ ਵਚਨ ਨੂੰ ਲੈ ਜਾਣ ਅਤੇ ਸੌਂਪਣ ਤੋਂ ਵੱਧ ਕੇ ਜੀਵਨ ਦੇ ਸਥਾਈਕਰਣ ਦੇ ਲਈ ਕੋਈ ਯੋਜਨਾ ਨਹੀਂ ਦਿੱਤੀ ਹੈ। ਇੱਕ ਪਰਜਾ ਹੋਣ ਦੇ ਨਾਤੇ, ਕਲੀਸੀਆ ਦਾ ਸਾਰੇ ਰਾਸ਼ਟਰਾਂ ਨੂੰ ਇੰਜੀਲ ਦਾ ਪਰਚਾਰ ਕਰਨ ਦਾ ਇੱਕ ਮਿਸ਼ਨ ਹੈ। ਪਰਮੇਸ਼ੁਰ ਕਰੇ ਕਿ ਇਹ ਆਪਣੇ ਕੰਮ ਵਿਚ ਕਦੀ ਵੀ ਅਸਫਲ ਨਾ ਹੋਵੇ!

**ਆਇਤ 22.** ਜਦੋਂ ਮਾਸ ਦੀਆਂ ਗਤੀਵਿਧੀਆਂ ਦੇ ਦੁਆਰਾ ਇੱਕ ਆਤਮਾ ਮਸੀਹ ਤੋਂ ਫਿਰ ਜਾਂਦੀ ਹੈ, ਤਾਂ ਇਹ ਕੋਈ ਸੁੰਦਰ ਦ੍ਰਿਸ਼ ਨਹੀਂ ਹੁੰਦਾ ਹੈ। ਜਿਹੜਾ ਇਨਸਾਨ ਪਵਿੱਤਰਤਾ ਤੋਂ ਵੱਧ ਕੇ ਪਾਪ ਨੂੰ ਪਸੰਦ ਕਰਦਾ ਹੈ ਉਹ ਕੁੱਤੇ ਦੇ ਸਮਾਨ ਹੈ [ਜੋ] **ਆਪਣੀ ਉੱਪਰ ਛਲ ਵੱਲ ਮੁੜਿਆ; ਨੁਲ੍ਹਾਈ ਹੋਈ ਸੂਰਨੀ ਚਿੱਕੜ ਵਿੱਚ ਲੇਟਣ ਨੂੰ ਮੁੜ ਗਈ**। ਪਤਰਸ ਯੂਨਾਨੀ-ਯਹੂਦੀ ਧਰਮ ਦੇ ਵਿਚੋਂ ਦੋ ਬਹੁਤ ਹੀ ਮਸ਼ਹੂਰ ਕਹਾਉਤਾਂ ਨੂੰ ਬੋਲਦਾ ਹੈ, ਭਾਵੇਂ ਉਨ੍ਹਾਂ ਵਿਚੋਂ ਇੱਕ ਸਿੱਧੇ ਤੌਰ ਤੇ ਵਚਨ ਵਿਚੋਂ ਲਈ ਗਈ: "ਜਿਵੇਂ ਕੁੱਤਾ ਆਪਣੀ ਕੈ ਨੂੰ ਚੱਟ

ਲੈਂਦਾ ਹੈ, ਓਵੇਂ ਮੂਰਖ ਆਪਣੀ ਮੂਰਖਤਾਈ ਨੂੰ ਦੁਹਰਾਉਂਦਾ ਹੈ।" (ਕਹਾਉਤਾਂ 26:11)। ਸ਼ਰਾ ਦੇ ਅਨੁਸਾਰ ਕੁੱਤੇ ਅਤੇ ਸੂਰ ਦੋਵੇਂ ਹੀ ਅਸ਼ੁੱਧ ਹੁੰਦੇ ਸਨ। ਪਤਰਸ ਦੇ ਵਾਂਗ, ਯਿਸੂ ਨੇ ਸਬਕ ਦੇ ਲਈ ਦੋਵਾਂ ਜਾਨਵਰਾਂ ਦੀ ਉਦਾਹਰਣ ਦਾ ਇਸਤੇਮਾਲ ਕੀਤਾ (ਮੱਤੀ 7:6)।

ਝੂਠੇ ਗੁਰੂਆਂ ਦੇ ਪ੍ਰਤੀ ਆਪਣੇ ਵਿਹਾਰ ਵਿਚ ਪਤਰਸ ਇੰਨਾ ਕੜਕ ਕਿਉਂ ਸੀ? "ਕਿੰਨਿਆਂ ਨੂੰ ਅੱਗ ਵਿਚੋਂ ਧੂ ਖਿੱਚ ਕੇ ਬਚਾਓ" (ਯਹੂਦਾਹ 23) ਦੀ ਆਸ ਵਿਚ ਨਿਮਰ ਹੋਣਾ ਉੱਤਮ ਨਹੀਂ ਸੀ? ਸ਼ਾਇਦ ਹੀ "ਨਿਮਰ" ਉਹ ਪਹਿਲਾ ਸ਼ਬਦ ਹੈ ਜੋ ਉਸ ਸਮੇਂ ਮਨ ਵਿਚ ਆਉਂਦਾ ਹੈ ਜਦੋਂ ਕੋਈ 2 ਪਤਰਸ 2 ਨੂੰ ਪੜ੍ਹਦਾ ਹੈ। ਯਕੀਨੀ ਤੌਰ ਤੇ ਇੱਕ ਨਿਮਰ ਹੋਣ ਦਾ ਸਮਾਂ ਹੁੰਦਾ ਹੈ, ਪਰ ਇੱਕ ਅਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਕਿਸੇ ਦੇ ਲਈ ਸਿੱਧਾ ਬੋਲਣਾ ਜ਼ਰੂਰੀ ਹੋ ਜਾਂਦਾ ਹੈ। ਯਿਸੂ ਦੁਸ਼ਮਣਾਂ ਨੂੰ ਖੜਾ ਕਰ ਲੈਂਦਾ ਸੀ ਕਿਉਂਕਿ ਉਹ ਉਨ੍ਹਾਂ ਲੋਕਾਂ ਦੇ ਨਾਲ ਸਿੱਧਾ ਬੋਲਦਾ ਹੁੰਦਾ ਸੀ ਜੋ ਸੱਚ ਦਾ ਵਿਰੋਧ ਕਰਦੇ ਸਨ (ਮੱਤੀ 23)। ਇੱਕ ਮਸੀਹੀ ਨੂੰ ਵਿਅਕਤੀਗਤ, ਨਿਰਦਈ ਹਮਲਿਆਂ ਨੂੰ ਜਾਇਜ਼ ਠਹਿਰਾਉਣ ਦੇ ਲਈ ਕਦੀ ਵੀ ਯਿਸੂ ਜਾਂ ਪਤਰਸ ਦੇ ਸ਼ਬਦਾਂ ਦੇ ਇਸਤੇਮਾਲ ਨਹੀਂ ਕਰਨਾ ਚਾਹੀਦਾ ਹੈ। ਦੂਜੇ ਪਾਸੇ, ਜੋ ਪ੍ਰਭੂ ਨੂੰ ਪਿਆਰ ਕਰਦਾ ਹੈ, ਜੋ ਇਹ ਵਿਸ਼ਵਾਸ ਕਰਦਾ ਹੈ ਕਿ ਉਸ ਦੇ ਹੁਕਮ ਪਵਿੱਤਰ ਹਨ, ਸਿਰਫ ਉਹੀ ਮਨੁੱਖ ਉਸ ਸਮੇਂ ਇੱਕ ਧਰਮੀ ਗੁੱਸੇ ਦੇ ਨਾਲ ਭਰ ਸਕਦਾ ਹੈ ਜਦੋਂ ਮਨੁੱਖ ਪਹਿਲਾਂ ਤੋਂ ਹੀ ਵਿਉਂਤ ਬਣਾਏ ਹੋਏ ਆਪਣੇ ਮਨੁੱਖੀ ਨਮੂਨੇ ਨੂੰ ਪ੍ਰਭੂ ਦੇ ਮਾਰਗ ਦੇ ਇਵਜ਼ ਵਿਚ ਰੱਖਦਾ ਹੈ। ਝੂਠੇ ਗੁਰੂ ਜਿਨ੍ਹਾਂ ਦਾ ਪਤਰਸ ਨੇ ਵਿਰੋਧ ਕੀਤਾ ਉਹ ਇੱਕ ਵੱਖਰੇ ਕੀਤੇ ਹੋਏ, ਆਪਣੇ ਆਪ ਵਿਚ ਛੂਤ ਦੇ ਰੋਗ ਨਹੀਂ ਸਨ। ਉਹ ਫੈਲਣ ਵਾਲਾ ਰੋਗ ਸਨ ਜੋ ਛੁਟਕਾਰਾ ਪਾਏ ਹੋਏ ਪਾਪੀਆਂ ਨੂੰ ਦੁਬਾਰਾ ਉਸੇ ਜੀਵਨ ਵਿਚ ਵਾਪਸ ਮੁੜਣ ਲਈ ਧਮਕਾਉਂਦੇ ਸਨ ਜਿਸ ਵਿਚੋਂ ਉਹ ਹੁਣੇ ਹੁਣੇ ਬਚ ਕੇ ਬਾਹਰ ਨਿਕਲੇ ਸਨ। ਪਤਰਸ ਉਸ ਸਮੇਂ ਗੁੱਸੇ ਨਾਲ ਭਰ ਗਿਆ, ਜਦੋਂ ਮਸੀਹ ਦੇ ਨਾਮ ਵਿਚ, ਦੁਸ਼ਟ ਲੋਕਾਂ ਨੇ ਮਸੀਹ ਦੇ ਰਾਹ ਦੀ ਨਿੰਦਾ ਕੀਤੀ ਸੀ। ਉਹ ਉਨ੍ਹਾਂ ਲੋਕਾਂ ਤੋਂ ਦੁਖੀ ਸੀ ਜੋ ਸੰਸਾਰ ਵਿਚ ਵਾਪਸ ਖਿੱਚ ਲਏ ਗਏ ਸਨ, ਜਿਵੇਂ ਕੁੱਤਾ ਆਪਣੀ ਉਲਟੀ ਵੱਲ ਵਾਪਸ ਮੁੜਦਾ ਹੈ। ਕਲੀਸੀਆ ਦੇ ਲਈ ਉਸ ਦੀ ਚੇਤਾਵਨੀ ਵਜ਼ਨਦਾਰ ਅਤੇ ਸਪਸ਼ੱਟ ਸੀ। ਇਹ ਹੋਣਾ ਚਾਹੀਦਾ ਸੀ।

# ਪ੍ਰਾਸੰਗਿਕਤਾ

### ਜਦੋਂ ਮਸੀਹ ਦੇ ਮਾਰਗ ਨੂੰ ਬਦਨਾਮ ਕੀਤਾ ਜਾਂਦਾ ਹੈ (ਅਧਿਆਇ 2)

ਵਿਰੋਧ ਬੇਮਜ਼ਾ ਹੁੰਦੇ ਹਨ। ਸਾਡੇ ਵਿਚੋਂ ਜ਼ਿਆਦਾਤਰ ਲੋਕ ਜਿੰਨਾ ਹੋ ਸਕੇ ਇਨ੍ਹਾਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ। ਬਦਕਿਸਮਤੀ ਦੇ ਨਾਲ, ਕਈ ਵਾਰ ਅਜਿਹੇ ਮੌਕੇ ਹੁੰਦੇ ਹਨ ਜਦੋਂ ਵਿਰੋਧ ਤੋਂ ਬਚਣਾ ਕਾਇਰਤਾ ਦੇ ਸਮਾਨ ਹੁੰਦਾ ਹੈ। ਜਦੋਂ ਚੰਗੇ ਆਦਮੀ ਅਤੇ ਇਸਤਰੀਆਂ, ਜੋ ਬੇਹਤਰ ਜਾਣਦੇ ਹਨ, ਚੁੱਪ ਚਾਪ ਬੈਠ ਜਾਂਦੇ ਅਤੇ ਉਨ੍ਹਾਂ ਨੂੰ ਜੋ ਆਪ-ਹੁਦਰੇ ਅਤੇ ਸਵੈ-ਸੇਵਾ ਕਰਨ ਵਾਲੇ ਹਨ ਉਨ੍ਹਾਂ ਨੂੰ ਨਿਯੰਤਰਣ ਕਰਨ ਦਿੰਦੇ ਹਨ ਤਾਂ ਉਸ ਸਮੇਂ ਭਿਆਨਕ ਗੱਲਾਂ ਵਾਪਰਦੀਆਂ ਹਨ। "ਧਰਮੀ ਪੁਰਸ਼ ਜੋ ਦੁਸ਼ਟ ਦੇ ਅੱਗੇ ਦੱਬ ਜਾਂਦਾ ਹੈ, ਉਹ ਗੰਧਲੇ ਸੁੰਬ ਅਤੇ ਪਲੀਤ ਸੋਤੇ ਵਰਗਾ ਹੈ" (ਕਹਾਉਤਾਂ 25:26; NIV)। ਜੇਕਰ ਕਲੀਸੀਆ ਨੇ ਪਰਮੇਸ਼ੁਰ ਦਾ ਆਦਰ ਕਰਨਾ ਹੋਵੇ ਅਤੇ ਇਸ ਦੇ ਨਿਯਮਾਂ ਨੂੰ ਸ਼ੁੱਧ ਰੱਖਣਾ ਹੋਵੇ, ਤਾਂ ਚੰਗੇ ਅਤੇ ਜਾਣਕਾਰ ਲੋਕਾਂ ਦੇ ਵਿਚ ਬੋਲਣ ਦੀ ਦਲੇਰੀ ਹੋਣੀ ਜ਼ਰੂਰੀ ਹੈ। ਝੂਠੇ

ਗੁਰੂ ਉਨ੍ਹਾਂ ਵਿਚੋਂ ਲਏ ਗਏ ਸਨ ਜਿਨ੍ਹਾਂ ਨੂੰ ਪਤਰਸ ਨੇ ਸੰਬੋਧਤ ਕੀਤਾ ਸੀ, ਪਰ ਉੱਥੇ ਹੋਰ ਵੀ ਸਨ ਜੋ ਸਿਰਫ ਉਦਾਸੀਨ ਸਨ। ਰਸੂਲ ਚਾਹੁੰਦਾ ਸੀ ਕਿ ਵਿਸ਼ਵਾਸਯੋਗ ਲੋਕ ਸੱਚਾਈ ਦੇ ਲਈ ਖੜੇ ਹੋਣ।

**ਉਹ ਸਾਡੇ ਨਾਲ ਵਪਾਰ ਕਰਦੇ ਹਨ (2:1-3)**

ਨਿਊਯਾਰਕ ਵਿਚ ਕੋਲੰਬੀਆ ਯੂਨੀਵਰਸਿਟੀ ਦੇ ਲਾਗੇ ਬਰੋਡ-ਵੇ ਦੇ ਨੇੜੇ ਫੁੱਟਪਾਥ ਤੇ ਭਿਖਾਰੀ ਸਕੋਰ ਦੇ ਨਾਲ ਇਕੱਠੇ ਹੁੰਦੇ ਸਨ। ਜਦੋਂ ਮੈਂ ਗਰਮੀਆਂ ਵਿਚ ਇੱਕ ਖੋਜ ਕਰ ਰਿਹਾ ਸੀ ਤਾਂ ਮੈਂ ਲਗਭਗ ਹਰ ਰੋਜ਼ ਉਨ੍ਹਾਂ ਦੇ ਕੋਲੋਂ ਦੀ ਲੰਘਦਾ ਹੁੰਦਾ ਸਾਂ। ਇੱਕ ਦਿਨ ਮੈਂ ਵੇਖਿਆ ਕਿ ਇੱਕ ਇਸਤਰੀ ਜਿਸ ਨੂੰ ਮੈਂ ਅਕਸਰ ਭੀਖ ਮੰਗਦਿਆਂ ਵੇਖਦਾ ਹੁੰਦਾ ਸਾਂ ਉਹ ਫੈਲਟ-ਟਿਪਡ ਪੈੱਨ ਵੇਚ ਰਹੀ ਸੀ। ਮੈਂ ਪ੍ਰਭਾਵਿਤ ਸਾਂ। ਘੱਟੋ ਘੱਟ ਸਿਰਫ ਹੱਥ ਅੱਡ ਕੇ ਮੰਗਣ ਦੀ ਬਜਾਇ ਉਹ ਕੁਝ ਸੇਵਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਮੈਂ ਉਸ ਨੂੰ ਉਸ ਦਾ ਮੰਗਿਆ ਹੋਇਆ ਮੁੱਲ ਦੇ ਦਿੱਤਾ, ਇਸ ਤੋਂ ਇਲਾਵਾ ਕੁਝ ਵੱਧ ਵੀ ਦਿੱਤਾ, ਪੈੱਨਾਂ ਨੂੰ ਆਪਣੇ ਘਰ ਵਿਚ ਲੈ ਆਇਆ ਅਤੇ ਉਨ੍ਹਾਂ ਨੂੰ ਖੋਲ੍ਹਿਆ। ਉਨ੍ਹਾਂ ਵਿਚੋਂ ਹਰ ਇੱਕ ਪੈੱਨ ਇੱਕ ਹੱਡੀ ਦੇ ਵਾਂਗ ਸੁੱਕਾ ਹੋਇਆ ਸੀ। ਮੈਂ ਹੁਣ ਇਸ ਦੇ ਬਾਰੇ ਹੱਸਦਾ ਹਾਂ, ਪਰ ਉਸ ਤੋਂ ਬਾਅਦ ਨਹੀਂ। ਇਹ ਪਹਿਲੀ ਵਾਰ ਨਹੀਂ ਸੀ (ਨਾ ਹੀ ਆਖਰੀ ਵਾਰ, ਜਿੱਥੋਂ ਤੱਕ ਉਸ ਗੱਲ ਦਾ ਸੰਬੰਧ ਹੈ) ਕਿ ਮੈਨੂੰ ਧੋਖਾ ਦਿੱਤਾ ਗਿਆ ਹੈ। ਸਾਡੇ ਵਿਚੋਂ ਜ਼ਿਆਦਾਤਰ ਲੋਕਾਂ ਦੇ ਲਈ ਸਭ ਤੋਂ ਔਖੀਆਂ ਚੀਜ਼ਾਂ ਵਿਚੋਂ ਇੱਕ ਹੈ ਦਯਾਪੂਰਣ ਢੰਗ ਦੇ ਨਾਲ ਗ੍ਰਹਿਣ ਕਰ ਲੈਣਾ।

ਜਦੋਂ ਪਤਰਸ ਨੇ ਝੂਠੇ ਗੁਰੂਆਂ ਦਾ ਵਰਣਨ ਕੀਤਾ ਜੋ ਕਲੀਸੀਆਵਾਂ ਦੇ ਵਿਚ ਕਲੇਸ਼ ਨੂੰ ਫੈਲਾ ਰਹੇ ਸਨ, ਤਾਂ ਉਸ ਨੇ ਆਪਣੇ ਪਾਠਕਾਂ ਨੂੰ ਕਿਹਾ, ਅਸਲ ਵਿਚ, "ਤੁਹਾਡੇ ਵਿਚੋਂ ਕਈਆਂ ਨੇ ਇਸ ਨੂੰ ਗ੍ਰਹਿਣ ਕੀਤਾ ਹੈ।" ਅਸੀਂ ਇਹ ਜਾਣਨ ਦੇ ਲਈ ਉਤਸੁਕ ਹਾਂ ਕਿ ਉਹ ਕਿਸ ਪਰਕਾਰ ਦੇ "ਫੈਲਟ-ਟਿਪਡ ਪੈੱਨ" ਵੇਚ ਰਹੀ ਸੀ, ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਹੈ। ਉਹ ਨਿਯਮ ਜੋ ਧੋਖਾ ਦਿੰਦੇ ਹਨ ਪੀੜ੍ਹੀ ਦਰ ਪੀੜ੍ਹੀ ਬਦਲਦੇ ਰਹਿੰਦੇ ਹਨ। ਛਲ ਨਿਰੰਤਰ ਹੁੰਦਾ ਹੈ। ਇਸ ਬਿੰਦੂ ਦੇ ਲਈ ਇਨ੍ਹਾਂ ਗੁਰੂਆਂ ਦੇ ਫਲ ਅਤੇ ਜੀਵਨ ਢੰਗ ਨੂੰ ਜਾਣਨਾ ਜ਼ਿਆਦਾ ਜ਼ਰੂਰੀ ਹੈ। ਜੇਕਰ ਪਤਰਸ ਨੇ ਉਨ੍ਹਾਂ ਦੀ ਡਾਕਟ੍ਰਿਨ ਦਾ ਵਰਣਨ ਕੀਤਾ ਹੁੰਦਾ ਤਾਂ ਇਹ ਬਹੁਤ ਹੀ ਦਿਲਚਸਪ ਹੋਣਾ ਸੀ ਪਰ ਸਾਡੇ ਲਈ ਹਿਦਾਇਤਾਂ ਦਾ ਹੋਣਾ ਵਧੇਰੇ ਲਾਭਦਾਇਕ ਹੈ ਤਾਂ ਕਿ ਅਸੀਂ ਸਧਾਰਣ ਤੌਰ ਤੇ ਅਧਰਮ ਦੇ ਨਾਲ ਨਜਿੱਠਣ ਦੇ ਲਈ ਤਿਆਰ ਹੋ ਜਾਈਏ। ਯਿਸੂ ਨੇ ਕਿਹਾ ਕਿ ਝੂਠੇ ਨਬੀ ਆਪਣੇ ਫਲਾਂ ਤੋਂ ਪਹਿਚਾਣੇ ਜਾਣਗੇ (ਮੱਤੀ 7:15, 16)। ਯਿਸੂ ਦੇ ਵਾਂਗ, ਪਤਰਸ ਵੀ ਝੂਠੇ ਗੁਰੂਆਂ ਦੀਆਂ ਵਿਸ਼ੇਸ਼ ਡਾਕਟ੍ਰਿਨਾਂ ਦੇ ਵਿਸ਼ੇ ਤੋਂ ਵੱਧ ਕੇ ਉਨ੍ਹਾਂ ਦੇ ਫਲਾਂ ਦੇ ਪ੍ਰਤੀ ਜ਼ਿਆਦਾ ਚਿੰਤਾ ਕਰਦਾ ਸੀ।

**ਝੂਠੇ ਗੁਰੂਆਂ ਦੀ ਵਿਸ਼ੈ ਭੋਗ (2:2, 18)**

ਪੁਰਾਤਨ ਅਤੇ ਆਧੁਨਿਕ ਸੰਸਾਰ ਵਿਚ, ਜਦੋਂ ਕੋਈ ਲੋਕਾਂ ਨੂੰ ਇਹ ਯਕੀਨ ਦਿਵਾ ਕੇ ਝਾਂਸਾ ਦੇ ਕੇ ਫਸਾਉਂਦਾ ਹੈ ਕਿ ਕਿ ਕਾਮੁਕ ਇੱਛਾਵਾਂ ਦਾ ਪਾਲਣ ਕਰ ਕੇ ਉਹ ਸਹੀ ਕੰਮ ਕਰ ਰਹੇ ਹਨ ਤਾਂ ਇੱਕ ਅਨੁਯਾਈ ਸਮੂਹ ਨੂੰ ਹਾਸਲ ਕਰਨਾ ਸੌਖਾ ਹੁੰਦਾ ਹੈ। ਇਹ 2006 ਦੇ ਇੱਕ ਮਸ਼ਹੂਰ ਨਾਵਲ *ਦ ਵਿੰਚੀ ਕੋਡ* ਦਾ ਸੰਦੇਸ਼ ਹੈ। ਇਸ ਨਾਵਲ ਦੇ ਲੇਖਕ ਦਾ ਕੰਮ ਪਾਠਕਾਂ ਨੂੰ ਇਹ ਵਿਸ਼ਵਾਸ ਦਿਵਾਉਣਾ ਹੈ ਕਿ ਚਰਚ ਨੇ ਬਿਨਾਂ ਵਜਾਹ ਤੋਂ ਹੀ ਲਾਭਕਾਰੀ

ਵਿਸ਼ੈ-ਭੋਗ ਨੂੰ ਦਬਾਇਆ ਹੋਇਆ ਹੈ। ਸੱਚਾਈ ਤੋਂ ਵੱਧ ਕੇ ਕੁਝ ਵੀ ਨਹੀਂ ਹੈ। *ਦ ਵਿੰਚੀ ਕੋਡ* ਦੇ ਆਪਣੇ ਵਿਸ਼ਲੇਸ਼ਣ ਵਿਚ, ਜੇਮਸ ਐੱਲ. ਗਾਰਲੋ ਅਤੇ ਪਤਰਸ ਜੋਨਸ ਨੇ ਸੀ. ਐਸ. ਲੂਇਸ ਦਾ ਹਵਾਲਾ ਦਿੱਤਾ, ਜਿਸ ਨੇ ਲਿਖਿਆ,

> ਜਦੋਂ ਅਸੀਂ ਇੱਕ ਭੋਗ ਵਿਲਾਸੀ ਆਦਮੀ ਦੇ ਵਿਸ਼ੇ ਵਿਚ, ਜੋ ਗਲੀਆਂ ਵਿਚ ਮਾਰਾ ਮਾਰਾ ਫਿਰਦਾ ਹੈ, ਗੱਲ ਕਰਦੇ ਹਾਂ ਕਿ ਉਸ ਨੂੰ "ਇੱਕ ਇਸਤਰੀ ਦੀ ਲੋੜ ਹੈ" ਤਾਂ ਅਸੀਂ ਸਭ ਤੋਂ ਖੇਦਜਨਕ ਮੁਹਾਵਰਾ ਇਸਤੇਮਾਲ ਕਰਦੇ ਹਾਂ। ਇੱਕ ਇਸਤਰੀ ਉਹ ਚੀਜ਼ ਨਹੀਂ ਹੈ, ਜਿਸ ਦੀ ਉਸ ਨੂੰ ਲੋੜ ਹੈ। ਅਸਲ ਵਿਚ, ਉਹ ਇੱਕ ਅਨੰਦ ਚਾਹੁੰਦਾ ਹੈ ਜਿਸ ਦੇ ਲਈ ਇਸਤਰੀ ਇੱਕ ਯੰਤਰ ਦੇ ਜ਼ਰੂਰੀ ਹਿੱਸੇ ਦੀ ਤਰ੍ਹਾਂ ਹੁੰਦੀ ਹੈ। ਉਸ ਨੂੰ ਇਸਤਰੀ ਦੀ ਕਿੰਨੀ ਪਰਵਾਹ ਹੈ ਇਸ ਗੱਲ ਨੂੰ ਭੋਗ ਕਰਨ ਦੇ ਪੰਜ ਮਿੰਟ ਬਾਅਦ ਦੇ ਉਸ ਦੇ ਰਵੱਈਏ ਦੇ ਨਾਲ ਮਾਪਿਆ ਜਾ ਸਕਦਾ ਹੈ (ਜਦੋਂ ਕੋਈ ਸਿਗਰੇਟਾਂ ਪੀ ਚੁੱਕਦਾ ਹੈ ਤਾਂ ਉਹ ਉਸ ਦੇ ਖੋਕੇ ਨੂੰ ਸਾਂਭ ਕੇ ਨਹੀਂ ਰੱਖਦਾ ਹੈ)।[15]

### ਅਜ਼ਾਦੀ ਅਤੇ ਰੋਕ (2:19)

ਅਜ਼ਾਦੀ ਨੂੰ ਇੱਕ ਅਸੀਸ ਬਣਨ ਦੇ ਲਈ ਰੋਕਾਂ ਦੇ ਪ੍ਰਸੰਗ ਵਿਚ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਇਹ ਸਰੀਰਕ ਮਾਮਲਿਆਂ ਦੇ ਨਾਲ ਨਾਲ ਆਤਮਿਕ ਮਾਮਲਿਆਂ ਦੇ ਵਿਚ ਵੀ ਸੱਚ ਹੈ। ਉਦਾਹਰਣ ਦੇ ਲਈ, ਗੁਰੂਤੱਵਆਕਰਸ਼ਣ ਬਲ ਤੋਂ ਬਿਨਾਂ, ਜੀਵਨ ਅਸੰਭਵ ਹੋ ਜਾਵੇਗਾ। ਇੱਕ ਪਾਸੇ, ਗੁਰੂਤੱਵਆਕਰਸ਼ਣ ਬਲ ਸਾਡੀ ਅਜ਼ਾਦੀ ਨੂੰ ਸੀਮਿਤ ਕਰਦਾ ਹੈ, ਪਰ ਇਸ ਦੇ ਬਿਨਾਂ ਅਸੀਂ ਕੰਮ ਹੀ ਨਹੀਂ ਕਰ ਸਕਦੇ। ਛੱਤਾਂ ਦੇ ਉੱਪਰ ਤੈਰਨ ਦੀ ਕਲਪਨਾ ਕਰੋ, ਜਦੋਂ ਹੇਠਾਂ ਆਉਣਾ ਅਸੰਭਵ ਹੋਵੇ। ਚਿੜੀਆਂ ਅਤੇ ਜਹਾਜ਼ ਉੱਡ ਸਕਣ ਦੇ ਯੋਗ ਹਨ, ਪਰ ਜਦੋਂ ਉਹ ਧਰਤੀ ਤੇ ਉੱਤਰਨਾ ਚਾਹੁੰਦੇ ਹਨ, ਤਾਂ ਉੱਥੇ ਗੁਰੂਤੱਵਆਕਰਸ਼ਣ ਬਲ ਹੁੰਦਾ ਹੈ। ਉਸੇ ਤਰ੍ਹਾਂ, ਨੈਤਿਕ ਖੇਤਰ ਵਿਚ ਅਨਿਯੰਤਰਿਤ ਅਜ਼ਾਦੀ ਹੋਣ ਦਾ ਅਰਥ ਹੈ ਕਿ ਜੀਵਨ ਵਿਚ ਲੋਕਾਂ ਦੀ ਕੋਈ ਦਿਸ਼ਾ ਹੀ ਨਹੀਂ ਹੈ। ਸਹੀ ਅਤੇ ਗਲਤ ਦਾ, ਉਨ੍ਹਾਂ ਦੇ ਲਈ ਅਤੇ ਹੋਰਨਾਂ ਦੇ ਲਈ ਕੋਈ ਅਰਥ ਨਹੀਂ ਹੋਵੇਗਾ। ਆਪਣੇ ਆਪ ਦੇ ਬਾਰੇ ਕਲਪਨਾ ਕਰਕੇ ਵੇਖੋ ਕਿ ਤੁਸੀਂ ਕਦੀ ਵੀ ਕਿਸੇ ਤੇ ਇਸ ਗੱਲ ਦਾ ਭਰੋਸਾ ਨਹੀਂ ਕਰ ਸਕਦੇ ਹੋ ਕਿ ਉਹ ਤੁਹਾਨੂੰ ਸੱਚ ਕਹਿੰਦਾ ਹੈ ਕਿਉਂਕਿ ਲੋਕ ਅਜ਼ਾਦ ਹਨ ਕਿ ਜੋ ਵੀ ਚਾਹੁਣ ਉਹ ਬੋਲਣ। ਕਲਪਨਾ ਕਰੋ ਕਿ ਤੁਹਾਨੂੰ ਹਰ ਸਮੇਂ ਆਪਣੀ ਹਰ ਚੀਜ਼ ਤੇ ਨਜ਼ਰ ਰੱਖਣੀ ਪੈਂਦੀ ਹੈ ਕਿਉਂਕਿ ਚੋਰੀ ਕਰਨ ਵਿਚ ਕੁਝ ਵੀ ਬੁਰਾਈ ਨਹੀਂ ਹੈ।

ਮਸੀਹੀ ਲੋਕ ਅਜ਼ਾਦ ਲੋਕ ਹਨ, ਪਰ ਉਹ ਆਪਣੀ ਅਜ਼ਾਦੀ ਨੂੰ ਪਰਮੇਸ਼ੁਰ ਦੇ ਰਾਹੀਂ ਲਾਈਆਂ ਗਈਆਂ ਰੋਕਾਂ ਦੇ ਵਿਚ ਰਹਿ ਕੇ ਮਾਣਦੇ ਹਨ। ਝੂਠੇ ਗੁਰੂਆਂ ਨੇ ਜਿਨ੍ਹਾਂ ਨੇ ਉਨ੍ਹਾਂ ਕਲੀਸੀਆਵਾਂ ਨੂੰ ਧਮਕੀ ਦਿੱਤੀ ਸੀ ਜਿਨ੍ਹਾਂ ਨੂੰ ਪਤਰਸ ਨੇ ਸੰਬੋਧਤ ਕੀਤਾ ਸੀ ਉਨ੍ਹਾਂ ਨੇ ਰਸੂਲਾਂ ਤੋਂ ਵੱਧ ਕੇ ਅਜ਼ਾਦੀ ਦੇਣ ਦਾ ਵਾਇਦਾ ਕਰ ਕੇ ਕਈਆਂ ਮਸੀਹੀਆਂ ਦੀ ਕਲਪਨਾ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਪਤਰਸ ਨੇ ਕਿਹਾ ਕਿ ਭਾਵੇਂ ਉਨ੍ਹਾਂ ਨੇ ਅਜ਼ਾਦੀ ਦਾ ਵਾਇਦਾ ਕੀਤਾ ਹੈ ਪਰ, "ਓਹ ਆਪ ਵਿਨਾਸ ਦੇ ਗੁਲਾਮ [ਸਨ]।" ਫਿਰ ਉਸ ਨੇ ਇੱਕ ਸਰਵ-ਵਿਆਪੀ ਸੱਚਾਈ ਨੂੰ ਜੋੜਿਆ, "ਕਿਉਂਕਿ ਜਿਹ ਦਾ ਕੋਈ ਹਠਾਤ੍ਰੂ ਹੋ ਗਿਆ ਸੋ ਉਹ ਦਾ ਗੁਲਾਮ ਵੀ ਬਣਿਆ ਹੈ" (2 ਪਤਰਸ 2:19)। ਪੌਲੁਸ ਨੇ ਵੀ ਇਸ ਦੇ ਨਾਲ ਮਿਲਦਾ-ਜੁਲਦਾ ਕੁਝ ਕਿਹਾ, "ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ ਭਾਵੇਂ ਮੌਤ ਲਈ

ਪਾਪ ਦੇ, ਭਾਵੇਂ ਧਰਮ ਦੇ ਲਈ ਆਗਿਆਕਾਰੀ ਦੇ" (ਰੋਮੀਆਂ 6:16)। ਸ਼ਾਇਦ ਪਾਪ ਦਾ ਮਹਾਨ ਖਤਰਾ ਅਕਸਰ ਬੇਪਛਾਣਿਆ ਹੋ ਜਾਂਦਾ ਹੈ। ਕਈ ਵਾਰ ਜਦੋਂ ਕੋਈ ਵਿਅਕਤੀ ਆਪਣੇ ਪਾਪ ਨੂੰ ਛੱਡ ਦੇਣ ਲਈ ਤਿਆਰ ਹੁੰਦਾ ਹੈ, ਤਾਂ ਉਸ ਦੇ ਨਾਲ ਪਾਪ ਖਤਮ ਨਹੀਂ ਹੋ ਜਾਂਦਾ ਹੈ। ਇੱਕ ਪੁਰਾਤਨ ਬੁੱਧੀਮਾਨ ਵਿਅਕਤੀ ਨੇ ਕਿਹਾ ਸੀ, "ਉਸ ਲੜਾਈ ਵਿੱਚੋਂ ਛੁਟਕਾਰਾ ਨਹੀਂ ਹੁੰਦਾ ਨਾ ਹੀ ਬੁਰਿਆਈ ਆਪਣੇ ਵਰਤਣ ਵਾਲੇ ਨੂੰ ਛੁਡਾਵੇਗੀ" (ਉਪਦੇਸ਼ਕ ਦੀ ਪੋਥੀ 8:8, NIV)।

**ਸੰਸਾਰ ਦਾ ਗੰਦ ਮੰਦ (2:20-22)**

ਸਭ ਤੋਂ ਪ੍ਰਭਾਵਸ਼ਾਲੀ ਸਾਹਿਤਕ ਕੰਮਾਂ ਵਿਚੋਂ ਜਿਨ੍ਹਾਂ ਦਾ ਕਦੀ ਨਿਰਮਾਣ ਹੋਇਆ ਸੀ ਚੌਦਵੀਂ ਸਦੀ ਦੇ ਆਰੰਭ ਵਿਚ ਡਾਂਟੇ ਨਾਮ ਦਾ ਇੱਕ ਇਤਾਲਵੀ ਆਉਂਦਾ ਹੈ। ਉਸ ਦਾ ਪ੍ਰਸਿੱਧ ਕੰਮ *ਡਿਵਾਇਨ ਕਾਮੇਡੀ* ਹੈ। ਇਸ ਵਿਚ ਉਸ ਨੇ ਆਪਣੇ ਆਪ ਨੂੰ ਸਵਰਗ, ਪ੍ਰਾਸ਼ਚਿਤ ਅਸਥਾਨ, ਅਤੇ ਨਰਕ ਦੇ ਦੌਰੇ ਤੇ ਲਿਆਏ ਜਾਣ ਦੀ ਕਲਪਨਾ ਕੀਤੀ। ਨਰਕ ਦੇ ਦੌਰੇ ਨੂੰ "ਦ ਇਨਫੈਰਨੋ" ਕਿਹਾ ਜਾਂਦਾ ਹੈ। ਡੇਂਟੇ ਦੇ ਦਰਸ਼ਨ ਵਿਚ ਉਨ੍ਹਾਂ ਦਰਵਾਜ਼ਿਆਂ ਉੱਤੇ ਜੋ ਨਰਕ ਵੱਲ ਅਗਵਾਈ ਕਰਦੇ ਹਨ ਇਹ ਲਾਇਨਾਂ ਲਿਖੀਆਂ ਹੋਈਆਂ ਹਨ:

> ਮੈਂ ਦੁਖ ਦੇ ਸ਼ਹਿਰ ਵਿਚ ਪ੍ਰਵੇਸ਼ ਕਰਨ ਦਾ ਰਾਹ ਹਾਂ।
> ਮੈਂ ਤਿਆਗੇ ਹੋਏ ਲੋਕਾਂ ਦਾ ਰਾਹ ਹਾਂ।
> ਮੈਂ ਅਨੰਤ ਦੁੱਖ ਦਾ ਰਾਹ ਹਾਂ।
> ਪਵਿੱਤਰ ਨਿਆਂ ਨੇ ਮੇਰੇ ਨਿਰਮਾਤਾ ਨੂੰ ਹਟਾ ਦਿੱਤਾ।
> ਮੈਂ ਇੱਥੇ ਪਰਮੇਸ਼ੁਰ ਦੀ ਅਪਾਰ ਸ਼ਕਤੀ,
> ਅਤੇ ਮੌਲਿਕ ਪਿਆਰ ਦੇ ਦੁਆਰਾ ਉਭਾਰਿਆ ਗਿਆ ਸਾਂ।
> ਸਿਰਫ ਉਹ ਤੱਤ ਜਿਨ੍ਹਾਂ ਨੂੰ ਸਮਾਂ ਨਹੀਂ ਪਹਿਨ ਸਕਦਾ ਹੈ
> ਮੇਰੇ ਨਾਲੋਂ ਪਹਿਲਾਂ ਬਣਾਏ ਗਏ ਸਨ, ਅਤੇ ਸਮੇਂ ਤੋਂ ਪਹਿਲਾਂ ਮੈਂ ਖੜ੍ਹਾ ਹਾਂ।
> ਤੁਸੀਂ ਜੋ ਇੱਥੇ ਪ੍ਰਵੇਸ਼ ਕਰਦੇ ਹੋ ਆਸ ਨੂੰ ਤਿਆਗ ਦਿਓ।[16]

ਪਰਮੇਸ਼ੁਰ ਨੇ ਇਸ ਗੱਲ ਨੂੰ ਸਪਸ਼ੱਟ ਕੀਤਾ ਕਿ ਨਾ ਮਾਫ ਕੀਤੇ ਹੋਏ ਪਾਪ ਦਾ ਅਰਥ ਅਨੰਤ ਮੌਤ, ਅਤੇ ਆਉਣ ਵਾਲੇ ਸੰਸਾਰ ਵਿਚ ਪਰਮੇਸ਼ੁਰ ਤੋਂ ਵੱਖਰਾ ਕੀਤਾ ਜਾਣਾ ਹੋਵੇਗਾ। ਜੋ ਅਸੀਂ ਨਜ਼ਰਅੰਦਾਜ਼ ਕਰ ਸਕਦੇ ਹਾਂ ਉਹ ਇਹ ਹੈ ਕਿ ਪਾਪ ਦੇ ਇਸ ਜੀਵਨ ਵਿਚ ਵੀ ਸਿੱਟੇ ਹੁੰਦੇ ਹਨ। ਪਾਪ ਦੀ ਸਜ਼ਾ ਦੇ ਭਾਗ ਨੂੰ ਇਸ ਸੰਸਾਰ ਵਿਚ ਮਹਿਸੂਸ ਕੀਤਾ ਜਾਂਦਾ ਹੈ ਜਿੱਥੇ ਅਸੀਂ ਰਹਿੰਦੇ ਹਾਂ। ਇਹੋ ਸੰਦੇਸ਼ ਪੌਲੁਸ ਰਸੂਲ ਨੇ 2 ਪਤਰਸ 2:20–22 ਵਿਚ ਸਾਡੇ ਲਈ ਛੱਡ ਦਿੱਤਾ ਹੈ। ਉਹ ਆਪਣੇ ਪਾਠਕਾਂ ਨੂੰ ਹੇਠਾਂ ਦਿੱਤੀ ਸੱਚਾਈਆਂ ਦਾ ਅਹਿਸਾਸ ਕਰਵਾਉਣਾ ਚਾਹੁੰਦਾ ਸੀ:

1. *ਇੱਕ ਵਿਅਕਤੀ ਜੋ ਭੋਗ ਬਿਲਾਸ, ਸਵੈ–ਸੇਵਾ ਦਾ ਜੀਵਨ ਜੀਉਂਦਾ ਹੈ ਉਹ ਇੱਕ ਅਜਿਹਾ ਰਾਹ ਚੁਣਦਾ ਹੈ ਜੋ ਦੁੱਖ ਅਤੇ ਮੌਤ ਵੱਲ ਅਗਵਾਈ ਕਰਦਾ ਹੈ।* ਜੇਕਰ ਅਸੀਂ ਉਨ੍ਹਾਂ ਨੂੰ ਸੰਪੂਰਨ ਪੱਤ੍ਰੀ ਦੇ ਹਵਾਲੇ ਵਿਚ ਪਾ ਸਕੀਏ ਤਾਂ ਇਹ ਸਾਡੀ ਪਤਰਸ ਦੇ ਸ਼ਬਦਾਂ ਨੂੰ ਸਮਝਣ ਵਿਚ ਮਦਦ ਕਰੇਗਾ। ਝੂਠੇ ਗੁਰੂਆਂ ਨੇ ਉਨ੍ਹਾਂ ਕਲੀਸੀਆਵਾਂ ਤੇ ਹਮਲਾ ਕੀਤਾ ਸੀ ਜਿਨ੍ਹਾਂ ਨੂੰ ਪਤਰਸ ਨੇ ਸੰਬੋਧਤ ਕੀਤਾ ਸੀ। ਰਸੂਲ ਨੇ ਉਨ੍ਹਾਂ ਦੀ ਸਿੱਖਿਆ ਦੇ ਵਿਸ਼ੇ ਵਿਚ

ਜ਼ਿਆਦਾ ਨਹੀਂ ਕਿਹਾ, ਪਰ ਅਸੀਂ ਕੁਝ ਵੇਰਵਿਆਂ ਨੂੰ ਲੈ ਸਕਦੇ ਹਾਂ: (a) ਉਹ ਲੋਕ ਜਿਨ੍ਹਾਂ ਨੇ ਪਤਰਸ ਦਾ ਵਿਰੋਧ ਕੀਤਾ ਉਨ੍ਹਾਂ ਨੇ ਆਪਣੇ ਕੋਲ ਇੱਕ ਵਿਸ਼ੇਸ਼ ਗਿਆਨ ਦੇ ਹੋਣ ਦਾ ਦਾਅਵਾ ਕੀਤਾ। ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਨੂੰ ਰਸੂਲਾਂ ਤੋਂ ਵੱਧ ਕੇ ਪਤਾ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਗਿਆਨ ਪਰਮੇਸ਼ੁਰ ਤੱਕ ਪਹੁੰਚਣ ਦਾ ਰਸਤਾ ਸੀ। (b) ਉਨ੍ਹਾਂ ਨੇ ਦਾਅਵਾ ਕੀਤਾ ਹੋ ਸਕਦਾ ਹੈ ਕਿ ਸਵਰਗਦੂਤ ਅਤੇ ਆਤਮਿਕ ਸ਼ਕਤੀਆਂ ਉਨ੍ਹਾਂ ਦੇ ਪੱਖ ਵਿਚ ਹਨ। ਪਤਰਸ ਅਤੇ ਯਹੂਦਾਹ ਦੋਵਾਂ ਨੇ ਉਨ੍ਹਾਂ ਸਵਰਗਦੂਤਾਂ ਦਾ ਹਵਾਲਾ ਦਿੱਤਾ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਹੇਠਾਂ ਨਰਕ ਦੇ ਅੰਧਕੂਪਾਂ ਵਿਚ ਪਾ ਦਿੱਤਾ ਸੀ ਭਈ ਉਹ ਨਿਆਂ ਦੇ ਦਿਨ ਦੀ ਉਡੀਕ ਕਰਨ। (c) ਉਹ ਦੂਸਰੀ ਆਮਦ ਨੂੰ "ਆਤਮਿਕ" ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਸਿਖਾਇਆ ਕਿ ਇਹ ਇੱਕ ਅਸਲੀ ਘਟਨਾ ਨਹੀਂ ਸੀ। ਸ਼ਾਇਦ ਉਨ੍ਹਾਂ ਨੇ ਦਾਅਵਾ ਕੀਤਾ ਕਿ ਜਦੋਂ ਇੱਕ ਵਿਅਕਤੀ ਪਰਮੇਸ਼ੁਰ ਦੇ ਕੋਲ ਆਇਆ ਸੀ, ਤਾਂ ਉਸ ਦੇ ਲਈ ਪ੍ਰਭੂ ਵਾਪਸ ਆ ਚੁੱਕਾ ਸੀ। ਪਤਰਸ ਨੇ ਲਿਖਿਆ ਕਿ "ਠੱਠਾ ਕਰਨ ਵਾਲੇ ਠੱਠਾ ਕਰਦੇ ਹੋਏ ਆਉਣਗੇ . . . ਆਖਣਗੇ, 'ਉਹ ਦੇ ਆਉਣ ਦੇ ਕਰਾਰ ਦਾ ਕੀ ਪਤਾ ਹੈ? ਕਿਉਂਕਿ ਜਦੋਂ ਦੇ ਵਡ ਵਡੇਰੇ ਸੌਂ ਗਏ ਸ੍ਰਿਸ਼ਟੀ ਦੇ ਮੁੱਢੋਂ ਸੱਭੋ ਕੁਝ ਤਿਵੇਂ ਹੀ ਬਣਿਆ ਰਹਿੰਦਾ ਹੈ'" (2 ਪਤਰਸ 3:3, 4)।

ਜਿਸ ਪ੍ਰਕਾਰ ਇਹ ਸਾਰੀਆਂ ਸਿੱਖਿਆਵਾਂ ਦੁਖਦਾਇਕ ਸਨ, ਉਸ ਤੋਂ ਪਤਰਸ ਸਮਝ ਗਿਆ ਕਿ ਇਹ ਝੂਠੇ ਗੁਰੂਆਂ ਦਾ ਵਿਹਾਰ ਸੀ ਕਿ ਇੰਜੀਲ ਦੇ ਕੇਂਦਰੀ ਭਾਗ ਨਾਲ ਸਮਝੌਤਾ ਕਰ ਲੈਣ। ਉਸ ਦੀ ਭਾਸ਼ਾ ਕੜਕ ਸੀ: "ਉਨ੍ਹਾਂ ਦੀਆਂ ਅੱਖਾਂ ਵਿਭਚਾਰਣ ਵੱਲ ਲੱਗੀਆਂ ਹੋਈਆਂ ਹਨ ਅਤੇ ਪਾਪ ਵੱਲੋਂ ਰੁਕ ਹੀ ਨਹੀਂ ਸੱਕਦੀਆਂ। ਓਹ ਡੋਲਣ ਵਾਲੇ ਜੀਵਾਂ ਨੂੰ ਭੁਚਲਾਉਂਦੇ ਹਨ। ਉਨ੍ਹਾਂ ਦੇ ਮਨ ਲੋਭ ਵਿੱਚ ਪੱਕੇ ਹੋਏ ਹੋਏ ਹਨ। ਓਹ ਸਰਾਪ ਦੇ ਪੁੱਤ੍ਰ ਹਨ" (2 ਪਤਰਸ 2:14)।

ਪਤਰਸ ਨੇ ਆਪਣੇ ਪਾਠਕਾਂ ਨੂੰ ਕਿਹਾ ਕਿ ਭਾਵੇਂ ਝੂਠੇ ਗੁਰੂਆਂ ਨੇ ਅਜ਼ਾਦੀ ਦਾ ਵਾਇਦਾ ਕੀਤਾ ਹੈ, ਪਰ ਜਿਹੜੀ ਅਜ਼ਾਦੀ ਦੀ ਵਕਾਲਤ ਉਨ੍ਹਾਂ ਨੇ ਕੀਤੀ ਸੀ ਉਸ ਦਾ ਅਰਥ ਗੁਲਾਮੀ ਅਤੇ ਮੌਤ ਸੀ। "[ਓਹ] ਉਨ੍ਹਾਂ ਨਾਲ ਅਜ਼ਾਦੀ ਦਾ ਵਾਇਦਾ ਤਾਂ ਕਰਦੇ ਹਨ ਪਰ ਓਹ ਆਪ ਵਿਨਾਸ ਦੇ ਗੁਲਾਮ ਹਨ, ਕਿਉਂਕਿ ਜਿਸ ਦਾ ਕੋਈ ਹਠਾੜੂ ਹੋ ਗਿਆ ਹੈ ਉਹ ਦਾ ਗੁਲਾਮ ਵੀ ਬਣਿਆ ਹੈ" (2 ਪਤਰਸ 2:19)। ਯਿਸੂ ਨੇ ਵੀ ਇਹੋ ਜਿਹਾ ਕੁਝ ਕਿਹਾ ਸੀ: "ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਹਰੇਕ ਜੋ ਪਾਪ ਕਰਦਾ ਹੈ ਸੋ ਪਾਪ ਦਾ ਗੁਲਾਮ ਹੈ" (ਯੂਹੰਨਾ 8:34)। ਪੌਲੁਸ ਨੇ ਵੀ ਉਸ ਸੱਚਾਈ ਨੂੰ ਇਸ ਪ੍ਰਕਾਰ ਰੱਖਿਆ: "ਭਲਾ, ਤੁਸੀਂ ਨਹੀਂ ਜਾਣਦੇ ਹੋ ਭਈ ਆਗਿਆ ਮੰਨਣ ਲਈ ਜਿਹ ਦੇ ਹੱਥ ਤੁਸੀਂ ਆਪਣੇ ਆਪ ਨੂੰ ਦਾਸ ਬਣਾ ਕੇ ਸੌਂਪ ਦਿੰਦੇ ਹੋ ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ ਭਾਵੇਂ ਮੌਤ ਦੇ ਲਈ ਪਾਪ ਦੇ, ਭਾਵੇਂ ਧਰਮ ਲਈ ਆਗਿਆਕਾਰੀ ਦੇ" (ਰੋਮੀਆਂ 6:16)।

ਕੁਝ ਜ਼ਰੂਰੀ ਅਜ਼ਾਦੀ ਹੋਰਨਾਂ ਅਜ਼ਾਦੀਆਂ ਤੇ ਪਾਬੰਦੀ ਲਾ ਦਿੰਦੀ ਹੈ। ਜੇਕਰ ਕੋਈ ਕਿਸੇ ਦੂਸਰੇ ਦੀ ਵਸਤੂ ਨੂੰ ਲੈ ਲੈਣ ਦੀ ਅਜ਼ਾਦੀ ਚਾਹੁੰਦਾ ਹੈ, ਤਾਂ ਇੱਕ ਚੋਰ ਹੋਣ ਦੇ ਨਾਤੇ, ਉਹ ਇੱਕ ਇਮਾਨਦਾਰ, ਆਤਮ-ਸਨਮਾਨ ਵਾਲਾ ਵਿਅਕਤੀ ਹੋਣ ਦੇ ਲਈ ਅਜ਼ਾਦ ਨਹੀਂ ਹੈ। ਜੇਕਰ ਇੱਕ ਵਿਅਕਤੀ ਵਿਆਹ ਤੋਂ ਬਾਹਰ ਜਿਨਸੀ ਸੰਬੰਧ ਬਣਾਉਣ ਦੇ ਲਈ ਅਜ਼ਾਦ ਹੈ, ਤਾਂ ਉਹ ਇਸਤਰੀ/ਪੁਰਸ਼ ਇੱਕ ਪਤਨੀ ਜਾਂ ਇੱਕ ਪਤੀ ਦੇ ਨਾਲ ਵਿਸ਼ਵਾਸ ਅਤੇ ਪ੍ਰੇਮ ਦੇ ਸੰਬੰਧ ਨੂੰ ਨਿਭਾਉਣ ਦੇ ਲਈ ਅਜ਼ਾਦ ਨਹੀਂ ਹੈ। ਉਸ ਸਮੇਂ ਪਤਰਸ ਇੱਕ ਆਮ ਤਜਰਬੇ ਤੇ ਪਹੁੰਚਿਆ ਜਦੋਂ ਉਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇੱਕ ਮਸੀਹੀ ਜੀਵਨ ਦੀਆਂ ਰੋਕਾਂ ਤੋਂ,

ਪਰਮੇਸ਼ੁਰ ਦੇ ਪ੍ਰਤੀ ਅਣਆਗਿਆਕਾਰੀ ਤੋਂ ਕਿਤੇ ਵਧੀਕ ਦੁਖਦਾਇਕ, ਕਿਤੇ ਵਧੀਕ ਮੰਗ ਰੱਖਣ ਵਾਲੀਆਂ, ਅਤੇ ਕਿਤੇ ਵਧੀਕ ਕਿਸੇ ਦੀ ਅਜ਼ਾਦੀ ਨੂੰ ਸੀਮਿਤ ਕਰਨ ਵਾਲੀਆਂ ਹੁੰਦੀਆਂ ਹਨ। ਪਰਮੇਸ਼ੁਰ ਦੇ ਹੁਕਮ ਬੋਝ ਨਹੀਂ ਹਨ ਜੋ ਮਸੀਹੀ ਲੋਕ ਸਹਿੰਦੇ ਹਨ। ਉਹ ਉਨ੍ਹਾਂ ਦੇ ਕਦਮਾਂ ਵਿਚਲੇ ਸਪਰਿੰਗ, ਅਗਵਾਈ ਹਨ ਜੋ ਉਨ੍ਹਾਂ ਨੂੰ ਜੀਵਨ ਦਿੰਦੇ ਹਨ। ਯੂਹੰਨਾ ਇਸ ਗੱਲ ਨੂੰ ਇਸ ਪ੍ਰਕਾਰ ਕਹਿੰਦਾ ਹੈ: "ਜਾਂ ਅਸੀਂ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਅਤੇ ਉਹ ਦੇ ਹੁਕਮਾਂ ਉੱਤੇ ਚੱਲਦੇ ਹਾਂ ਤਾਂ ਇਸ ਤੋਂ ਜਾਣਦੇ ਹਾਂ ਭਈ ਅਸੀਂ ਪਰਮੇਸ਼ੁਰ ਦਿਆਂ ਬਾਲਕਾਂ ਨਾਲ ਪ੍ਰੇਮ ਰੱਖਦੇ ਹਾਂ। ਕਿਉਂ ਜੋ ਪਰਮੇਸ਼ੁਰ ਦਾ ਪ੍ਰੇਮ ਇਹ ਹੈ ਭਈ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ, ਅਤੇ ਉਹ ਦੇ ਹੁਕਮ ਔਖੇ ਨਹੀਂ ਹਨ" (1 ਯੂਹੰਨਾ 5:2, 3)।

2. *ਪਰਮੇਸ਼ੁਰ ਰਹਿਤ ਜੀਵਨ ਇੱਕ ਟਾੱਗਲ ਸਵਿੱਚ ਦੇ ਵਾਂਗ ਨਹੀਂ ਹੈ ਜਿਸ ਨੂੰ ਮਰਜ਼ੀ ਦੇ ਨਾਲ ਬੰਦ ਕੀਤਾ ਜਾਂ ਚਲਾਇਆ ਜਾ ਸਕਦਾ ਹੈ।* ਕਈ ਵਾਰ ਲੋਕ ਇਸ ਪ੍ਰਕਾਰ ਗੱਲ ਕਰਦੇ ਹਨ ਜਿਵੇਂ ਉਹ ਹਰ ਵਾਰ ਪਾਪ ਕਰਨ ਤੋਂ ਬਾਅਦ ਪਰਮੇਸ਼ੁਰ ਦੇ ਵੱਲ ਆਪਣੀ ਮੁੱਢਲੀ ਸ਼ੁੱਧਤਾ ਵਿਚ ਮੁੜ ਸਕਦੇ ਹਨ। ਪਰ ਇਸ ਤਰ੍ਹਾਂ ਨਹੀਂ ਹੁੰਦਾ ਹੈ। ਪਤਰਸ ਨੇ ਦਾਅਵਾ ਕੀਤਾ ਕਿ ਹਰ ਵਾਰ ਜਦੋ ਇੱਕ ਵਿਅਕਤੀ ਆਪਣੀ ਪਿੱਠ ਪਰਮੇਸ਼ੁਰ ਵੱਲ ਫੇਰਦਾ ਹੈ, ਤਾਂ ਉਹ ਆਪਣੇ ਆਪ ਨਾਲ ਕੁਝ ਕਰਦਾ ਹੈ। ਪਾਪ ਦੇ ਵਿਚ ਜਾਣ ਦੀ ਹਰ ਯਾਤਰਾ ਦਾ ਅਰਥ ਹੈ ਕਿ ਕੋਈ ਇਸ ਦੇ ਬੁਰੇ ਪ੍ਰਭਾਵਾਂ ਤੋਂ ਥੱਕ ਜਾਂਦਾ ਹੈ। ਹਰ ਇੱਕ ਵਿਦ੍ਰੋਹ ਦੇ ਨਾਲ ਪਾਪੀ ਆਪਣੇ ਆਪ ਦੇ ਲਈ ਰੋਕਾਂ ਨੂੰ ਤਿਆਗਦਾ ਜਾਂਦਾ ਹੈ। ਪਰਮੇਸ਼ੁਰ ਦੇ ਵੱਲ ਮੁੜਣਾ ਔਖਾ ਹੋ ਜਾਂਦਾ ਹੈ। ਕੋਈ ਵੀ ਮਨੁੱਖ ਜੋ ਪਰਮੇਸ਼ੁਰ ਨੂੰ ਜਾਣਦਾ ਹੈ ਅਤੇ ਸੰਸਾਰ ਦੇ ਵੱਲ ਮੁੜਦਾ ਹੈ ਉਹ ਪਹਿਲੀ ਵਾਰ ਦੀ ਤਰ੍ਹਾਂ ਪਰਮੇਸ਼ੁਰ ਦੇ ਵੱਲ ਮੁੜ ਨਹੀਂ ਸਕਦਾ ਹੈ।

ਜਦੋਂ ਕੋਈ ਪਾਪ ਕਰਦਾ ਹੈ ਤਾਂ ਇਹ ਹਰ ਵਾਰ ਇੱਕ ਮਜ਼ਬੂਤ ਪਕੜ ਬਣਾਉਂਦਾ ਹੈ। ਪਤਰਸ ਨੇ ਕਿਹਾ ਕਿ ਜਦੋਂ ਇੱਕ ਵਿਅਕਤੀ ਪਰਮੇਸ਼ੁਰ ਦੇ ਵੱਲੋਂ ਫਿਰ ਕੇ ਪਾਪ ਦੇ ਵੱਲ ਮੁੜਦਾ ਹੈ, ਤਾਂ ਉਸ ਦੀ ਦਸ਼ਾ ਉਸ ਦਸ਼ਾ ਨਾਲੋਂ ਵੀ ਬੱਦਤਰ ਹੋ ਜਾਂਦੀ ਹੈ ਜਦੋਂ ਉਸ ਨੇ ਪਹਿਲੀ ਵਾਰ ਵਿਸ਼ਵਾਸ ਕੀਤਾ ਸੀ।

> ਜੇਕਰ ਓਹ ਪ੍ਰਭੁ ਅਤੇ ਮੁਕਤੀ ਦਾਤਾ ਯਿਸੂ ਮਸੀਹ ਦੇ ਗਿਆਨ ਦੇ ਦੁਆਰਾ ਸੰਸਾਰ ਦੇ ਗੰਦ ਮੰਦ ਤੋਂ ਬਚ ਕੇ ਓਸ ਵਿੱਚ ਮੁੜ ਕੇ ਫਸਣ ਅਤੇ ਹਠਾੜੂ ਹੋ ਜਾਣ ਤਾਂ ਉਨ੍ਹਾਂ ਦਾ ਪਿਛਲਾ ਹਾਲ ਪਹਿਲੇ ਨਾਲੋਂ ਬੁਰਾ ਹੋਇਆ। ਕਿਉਂ ਜੋ ਧਰਮ ਦਾ ਮਾਰਗ ਨਾ ਹੀ ਜਾਣਨਾ ਇਸ ਨਾਲੋਂ ਚੰਗਾ ਸੀ ਭਈ ਉਹ ਜਾਣ ਕੇ ਓਸ ਪਵਿੱਤਰ ਆਗਿਆ ਤੋਂ ਜੋ ਉਨ੍ਹਾਂ ਨੂੰ ਕੀਤੀ ਗਈ ਸੀ ਫਿਰ ਜਾਣ (2 ਪਤਰਸ 2:20, 21)।

ਇਹ ਇੱਕ ਡਰਾਉਣਾ ਵਿਚਾਰ ਹੈ।

ਜੇਕਰ ਇੱਕ ਵਿਅਕਤੀ ਇੱਕ ਰੂੰ ਦੀ ਗੇਂਦ ਲੈ ਕੇ ਇੱਕ ਹੁੱਕ ਨਾਲ ਉਸ ਨੂੰ ਖਿੱਚਦਾ ਹੈ, ਤਾਂ ਪਹਿਲੀ ਵਾਰ ਉਸ ਰੂੰ ਦੀਆਂ ਕਈ ਲੜੀਆਂ ਉੱਥੇ ਪਿੱਛੇ ਰਹਿ ਜਾਣਗੀਆਂ। ਹਰ ਵਾਰ ਜਦੋਂ ਇਸ ਪ੍ਰਕਾਰ ਕੀਤਾ ਜਾਂਦਾ ਹੈ, ਤਾਂ ਕੁਝ ਹੋਰ ਛੁੱਟ ਜਾਣਗੀਆਂ ਜਦੋਂ ਤੱਕ ਅੰਤਿਮ ਸੰਚਾਰ ਮੁਕੰਮਲ ਨਹੀਂ ਹੋ ਜਾਂਦਾ ਹੈ। ਪਾਪ ਇਸੇ ਤਰ੍ਹਾਂ ਕੰਮ ਕਰਦਾ ਹੈ। ਹਰ ਵਾਰ ਪਾਪ ਸਾਨੂੰ ਥੋੜਾ ਹੋਰ ਡਰਿਆ ਹੋਇਆ, ਭਲਾਈ ਦੇ ਪ੍ਰਤੀ ਥੋੜਾ ਹੋਰ ਅਸੰਵੇਦਨਸ਼ੀਲ ਛੱਡ ਦਿੰਦਾ ਹੈ। ਜਦੋਂ ਅਸੀਂ ਅਗਾਂਹ ਤੋਂ ਇਸ ਗੱਲ ਨੂੰ ਪਹਿਚਾਨਣ ਦੇ ਯੋਗ ਨਹੀਂ ਹੁੰਦੇ ਕਿ ਭਲਾਈ ਕੀ ਹੈ ਅਤੇ ਪਰਮੇਸ਼ੁਰ ਕੀ ਹੈ ਤਾਂ ਉਸ ਸਮੇਂ ਤੋਬਾ ਕਰਨਾ ਅਤੇ ਪਰਮੇਸ਼ੁਰ ਵੱਲ ਮੁੜਣਾ ਔਖਾ ਹੋ

ਜਾਂਦਾ ਹੈ। NIV ਵਿਚ, ਉਪਦੇਸ਼ਕ ਦੀ ਪੋਥੀ 8:8 ਇਸ ਪ੍ਰਕਾਰ ਲਿਖਿਆ ਹੋਇਆ ਹੈ: "ਉਸ ਲੜਾਈ ਵਿੱਚੋਂ ਛੁਟਕਾਰਾ ਨਹੀਂ ਹੁੰਦਾ ਨਾ ਹੀ ਬੁਰਿਆਈ ਆਪਣੇ ਵਰਤਣ ਵਾਲੇ ਨੂੰ ਛੁਡਾਵੇਗੀ।"

ਜਦੋਂ ਇੱਕ ਵਿਅਕਤੀ ਇਹ ਸੋਚ ਕੇ, ਪਾਪ ਦੇ ਨਾਲ ਖਿਲਵਾੜ ਕਰਦਾ ਹੈ ਕਿ ਉਹ ਹਮੇਸ਼ਾ ਕਿਸੇ ਨਾ ਕਿਸੇ ਦਿਨ ਪਰਮੇਸ਼ੁਰ ਦੀ ਵੱਲ ਮੁੜ ਸਕਦਾ ਹੈ, ਤਾਂ ਉਸ ਨੂੰ ਇਸ ਗੱਲ ਦੀ ਸਮਝ ਨਹੀਂ ਹੈ ਕਿ ਪਾਪ ਉਸ ਨੂੰ ਕਿਸ ਪ੍ਰਕਾਰ ਪ੍ਰਭਾਵਿਤ ਕਰ ਸਕਦਾ ਹੈ ਇੱਕ ਜੀਵਨ ਜੋ ਮਾਸ ਨੂੰ ਸੰਤੁਸ਼ਟ ਕਰਨ ਦੇ ਲਈ ਹੀ ਗੁਜ਼ਾਰਿਆ ਜਾਂਦਾ ਹੈ ਉਸ ਦਾ ਸਿੱਟਾ ਇੱਕ ਅਜਿਹੀ ਦਸ਼ਾ ਹੋ ਸਕਦੀ ਹੈ ਜਿਸ ਵਿਚ ਇੱਕ ਵਿਅਕਤੀ ਦੀ ਪਰਮੇਸ਼ੁਰ ਦੇ ਵੱਲ ਮੁੜਣ ਦੀ ਕੋਈ ਇੱਛਾ ਹੀ ਖਤਮ ਹੋ ਜਾਂਦੀ ਹੈ। ਸ਼ਾਇਦ ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਦਾ ਇਹੋ ਅਰਥ ਸੀ ਜਦੋਂ ਉਸ ਨੇ ਕਿਹਾ, "ਜੇ ਅਸੀਂ ਸਤ ਦਾ ਗਿਆਨ ਪਰਾਪਤ ਕਰਨ ਦੇ ਪਿੱਛੋਂ ਜਾਣ ਬੁਝ ਕੇ ਪਾਪ ਕਰੀ ਜਾਈਏ ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ" (ਇਬਰਾਨੀਆਂ 10:26)।

3. *ਭੋਗ ਵਿਲਾਸ ਅਤੇ ਲਾਲਚ ਦੇ ਸੰਸਾਰਿਕ ਜੀਵਨਾਂ ਨੂੰ ਇਸ ਸੰਸਾਰ ਵਿਚ ਅਤੇ ਆਉਣ ਵਾਲੇ ਸੰਸਾਰ ਦੋਵਾਂ ਵਿਚ ਇੱਕ ਕੀਮਤ ਅਦਾ ਕਰਨ ਦੀ ਲੋੜ ਹੁੰਦੀ ਹੈ।* ਇਸ ਜੀਵਨ ਵਿਚ ਅਤੇ ਅਨੰਤਤਾ ਵਿਚ ਪਾਪ ਦੇ ਲਈ ਇੱਕ ਬੰਧਨ ਅਤੇ ਇੱਕ ਗੁਲਾਮੀ ਹੈ ਜੋ ਗੁਲਾਮੀ ਦੀ ਕਿਸੇ ਵੀ ਹਾਲਤ ਤੋਂ ਜਿਸ ਦੀ ਪ੍ਰਭੂ ਆਪਣੇ ਲੋਕਾਂ ਕੋਲੋਂ ਮੰਗ ਕਰਦਾ ਹੈ ਕਿਤੇ ਵੱਧ ਕੇ ਸਖਤ ਹੈ। ਬਾਈਬਲ ਦੇ ਵਿਚ ਚੇਲੇ ਬਣਨ ਦੀ ਬੁਲਾਹਟ ਦੇ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਨਾਸਰਤ ਦੇ ਯਿਸੂ ਦੇ ਨਾਮ ਨੂੰ ਗ੍ਰਹਿਣ ਕਰਨਾ ਹਲਕੀ ਜਿਹੀ ਗੱਲ ਨਹੀਂ ਹੈ। ਪੌਲੁਸ ਨੇ ਕਿਹਾ ਕਿ ਇੱਕ ਮਸੀਹੀ ਬਣਨਾ ਆਪਣੀਆਂ ਦੇਹੀਆਂ ਨੂੰ ਜੀਉਂਦਾ ਬਲੀਦਾਨ ਕਰਕੇ ਚੜ੍ਹਾਉਣਾ ਹੈ (ਰੋਮੀਆਂ 12:1)।

ਇੱਕ ਮਸੀਹੀ ਦੇ ਲਈ ਪ੍ਰਭੂ ਦੇ ਹੁਕਮਾਂ ਨੂੰ ਮੰਨਣਾ ਮਹੱਤਵਪੂਰਣ ਹੈ। ਉਨ੍ਹਾਂ ਵਿਚ ਲੋੜ ਦੇ ਸਮੇਂ ਇੱਕ ਗੁਆਂਢੀ ਦੀ ਸੁੱਧ ਲੈਣਾ, ਇੱਕ ਚੰਗੇ ਮਾਤਾ-ਪਿਤਾ ਹੋਣ ਦੇ ਨਾਤੇ, ਪਰਮੇਸ਼ੁਰ ਦੇ ਲੋਕਾਂ ਦੇ ਭਾਈਚਾਰੇ ਨੂੰ, ਮਸੀਹ ਦੀ ਕਲੀਸੀਆ ਨੂੰ ਉਤਸ਼ਾਹਿਤ ਕਰਨਾ, ਸ਼ਾਮਲ ਹਨ। ਇਸ ਵਿਚ ਨੈਤਿਕ ਮੁੱਲਾਂ ਦੇ ਕੋਡ ਨੂੰ ਗ੍ਰਹਿਣ ਕਰਨਾ ਸ਼ਾਮਲ ਹੈ। ਝੂਠ ਬੋਲਣਾ, ਚੋਰੀ ਕਰਨਾ, ਭੋਗ ਵਿਲਾਸ, ਧੋਖਾ, ਅਤੇ ਹੋਰ ਬਹੁਤ ਸਾਰੀਆਂ ਇਸ ਦੇ ਨਾਲ ਮਿਲਦੀਆਂ ਜੁਲਦੀਆਂ ਚੀਜ਼ਾਂ ਜੋ ਸੰਸਾਰ ਕਰਦਾ ਹੀ ਉਹ ਗਲਤ ਹਨ। ਇੱਕ ਮਸੀਹੀ ਬਣਨਾ ਮਸੀਹ ਦੇ ਬੋਝ ਵਿਚ ਹਿੱਸਾ ਲੈਣਾ ਹੁੰਦਾ ਹੈ। ਜੇਕਰ ਅਧਰਮੀ ਲੋਕਾਂ ਨੇ ਗੁਰੂ ਨੂੰ ਨਫ਼ਰਤ ਕੀਤੀ, ਤਾਂ ਉਹ ਚੇਲੇ ਨੂੰ ਵੀ ਨਫ਼ਰਤ ਕਰਨਗੇ। ਮਸੀਹ ਦੇ ਪਿੱਛੇ ਚੱਲਣ ਦਾ ਅਰਥ ਹੈ ਸੱਚਾਈ ਦੇ ਪੱਖ ਵਿਚ ਖੜੇ ਹੋਣਾ ਅਤੇ ਉਨ੍ਹਾਂ ਲੋਕਾਂ ਨੂੰ ਦੁਸ਼ਮਣ ਬਣਾਉਣਾ ਜੋ ਧਾਰਮਿਕਤਾ ਨੂੰ ਨਫ਼ਰਤ ਕਰਦੇ ਹਨ। ਇੱਕ ਮਸੀਹੀ ਹੋਣ ਦੇ ਲਈ ਇੱਕ ਬੋਝ ਉਠਾਉਣਾ ਪੈਂਦਾ ਹੈ।

ਜਦੋਂ ਯਿਸੂ ਨੇ ਮੰਗ ਕੀਤੀ ਕਿ ਲੋਕ ਮਸੀਹੀ ਹੋਣ ਦੀ ਕੀਮਤ ਨੂੰ ਆਪਣੇ ਸਾਹਮਣੇ ਰੱਖਣ, ਤਾਂ ਉਸ ਨੇ ਕੁਝ ਹੋਰ ਵੀ ਕਿਹਾ ਸੀ। ਯਿਸੂ ਨੇ ਕਿਹਾ, "ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ।" ਤੱਥ ਦੇ ਅਧਾਰ ਤੇ ਅਸੀਂ ਜ਼ਿੰਦਾ ਹਾਂ, ਸਾਨੂੰ ਸਾਰਿਆਂ ਨੂੰ ਜ਼ਰੂਰ ਜੀਉਣ ਦਾ ਇੱਕ ਢੰਗ ਅਪਨਾਉਣਾ ਚਾਹੀਦਾ ਹੈ। ਯਿਸੂ ਨੇ ਕਿਹਾ ਕਿ ਉਸ ਬੋਝ ਦੀ ਤੁਲਨਾ ਵਿਚ ਜਿਸ ਦੀ ਮੰਗ ਪਾਪ ਕਰਦਾ ਹੈ, ਉਸ ਦਾ ਬੋਝ ਹੌਲਾ ਅਤੇ ਅਸਾਨ ਹੈ (ਮੱਤੀ 11:29)।

*ਸਿੱਟਾ।* ਪਤਰਸ ਦਾ ਸੰਦੇਸ਼ ਇਹ ਹੈ ਕਿ ਪਾਪ ਦੀ ਸਾਰੀ ਸਜ਼ਾ ਆਉਣ ਵਾਲੇ ਸੰਸਾਰ ਦੇ

ਲਈ ਰੱਖੀ ਨਹੀਂ ਗਈ ਹੈ। ਮੈਂ ਅਜਿਹੇ ਲੋਕਾਂ ਨੂੰ ਵੇਖਿਆ ਅਤੇ ਉਨ੍ਹਾਂ ਦੇ ਨਾਲ ਗੱਲ ਵੀ ਕੀਤੀ ਹੈ ਜਿਨ੍ਹਾਂ ਦੇ ਲਈ ਇਹ ਜੀਵਨ ਨਰਕ ਦੇ ਤੁੱਲ ਹੈ। ਜਿਸ ਪ੍ਰਕਾਰ ਦਾ ਜੀਵਨ ਉਹ ਗੁਜ਼ਾਰਦੇ ਹਨ ਉਹ ਭਿਆਨਕ ਸਿੱਟਿਆਂ ਨੂੰ ਲਿਆਉਂਦੇ ਹੈ। ਪਰ ਇਸ ਸਭ ਦੇ ਬਾਵਜੂਦ ਵੀ, ਪਾਪ ਦੀ ਸਜ਼ਾ ਇਸ ਤੋਂ ਵੀ ਵੱਧ ਕੇ ਹੈ। ਇੱਕ ਨਿਆਂ ਹੈ, ਜਿਸ ਦੇ ਸਿੱਟੇ ਅਨੰਤ ਕਾਲ ਦੇ ਲਈ ਹੋਣਗੇ।

---

ਟਿੱਪਣੀਆਂ

[1]ਲੂਸੀਅਨ *ਦ ਪਾਸਿੰਗ ਪੇਰੇਗਰੂਨਸ* 11–15. [2]ਦਾਨ ਨੂੰ ਵੰਡਣ ਦੇ ਸਮੇਂ, ਸਿਰਫ ਉਦਾਰਤਾ ਹੀ ਇੱਕ ਵਿਚਾਰ ਨਹੀਂ ਹੋ ਸਕਦਾ ਹੈ। ਕਈਆਂ ਮਾਮਲਿਆਂ ਵਿਚ ਪੈਸੇ ਨੂੰ ਅੰਨ੍ਹੇਵਾਹ ਵੰਡਣ ਦੇ ਦੁਆਰਾ ਵੀ ਕਾਫੀ ਨੁਕਸਾਨ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਮਸੀਹੀ ਧਨ ਦੇ ਸੇਵਕ ਹਨ। ਉਨ੍ਹਾਂ ਦੇ ਕੋਲ ਉਸ ਨੂੰ ਬੁੱਧੀਮਾਨੀ ਦੇ ਨਾਲ ਇਸਤੇਮਾਲ ਕਰਨ ਦਾ ਇੱਕ ਜਨ ਹੁਕਮ ਹੈ। [3]ਯੂਨਾਨੀ ਵਿਚ ਲਿਖਤੀ ਰੂਪ ਪੜ੍ਹਦੇ ਹਨ "ਕੁਧਰਮ ਦਾ ਨਾਸ।" [4]ਇਬਰਾਨੀ ਸ਼ਬਦ שָׂטָן (*ਸ਼ਤਾਨ*) ਦਾ ਅਰਥ ਹੈ "ਦੋਸ਼ ਲਾਉਣ ਵਾਲਾ" ਜਾਂ "ਵਿਰੋਧੀ।" ਯੂਨਾਨੀ ਸ਼ਬਦ διάβολος (*ਡਾਇਆਬੋਲੋਸ*) ਦਾ ਅਰਥ ਹੈ "ਨਿੰਦਾ ਕਰਨ ਵਾਲਾ," ਜੋ ਕਿ ਯੂਨਾਨੀ ਸ਼ਬਦ ਦਾ ਇੱਕ ਅਨੁਮਾਨਿਤ ਅਨੁਵਾਦ ਹੈ। ਨਵੇਂ ਨੇਮ ਵਿਚ, KJV ਅਤੇ ਸਭ ਤੋਂ ਵੱਧ ਆਧੁਨਿਕ ਅਨੁਵਾਦਾਂ ਵਿਚ ਸ਼ਬਦ "devil" "ਸ਼ਤਾਨ" ਨੂੰ ਸਧਾਰਣ ਤੌਰ ਤੇ ਲਏ ਜਾਣ ਦੇ ਸਮੇਂ ਛੋਟੇ ਅੱਖਰਾਂ ਵਿਚ ਲਿਖਿਆ ਜਾਂਦਾ ਹੈ, ਜਦਕਿ ਇਸ ਗੱਲ ਤੋਂ ਜਾਣੂ ਕਰਵਾਉਣ ਦਾ ਲਈ ਕਿ ਇਹ ਸ਼ਤਾਨ ਦਾ ਸਹੀ ਨਾਮ ਹੈ, "Satan" ਸ਼ਬਦ ਨੂੰ ਵੱਡੇ ਅੱਖਰਾਂ ਵਿਚ ਲਿਖਿਆ ਜਾਂਦਾ ਹੈ। [5]ਰਿਚਰਡ ਜੇ. ਬਾਓਖਮ, *ਜੂਡ, 2 ਪੀਟਰ*, ਵਰਡ ਬਿਬਲੀਕਲ ਕਮੈਂਟੀ, ਜਿਲਦ 50 (ਵਾਕੋ, ਟੈਕਸਾਸ: ਵਰਡ ਬੁਕਸ, 1983), 250. [6]ਜੋਸੇਫੁਸ *ਐਂਟੀਕਿਉਟੀਜ਼* 1.11.4. [7]ਸਟ੍ਰਾਇਬੋ *ਜਿਓਗ੍ਰਾਫੀ* 16.2.44. [8]ਅਜਿਹੇ ਤਰਕ ਦੇ ਲਈ ਤਕਨੀਕੀ ਸ਼ਬਦ *ਏ ਫੋਰਟੀਓਰਾਈ* ਹੈ, ਜਿਸ ਦਾ ਅਰਥ ਹੈ, "ਇਸ ਤੋਂ ਵੀ ਵੱਡੇ ਇੱਕ ਕਾਰਨ ਦੇ ਲਈ।" [9]NIV ਅਤੇ NRSV ਦੋਵਾਂ ਰੀਡਿੰਗਾਂ ਨੇ NASB ਦੇ ਦੁਆਰਾ ਅਪਨਾਏ ਗਏ ਅਨੁਵਾਦ ਦਾ ਅਨੁਸਰਣ ਕੀਤਾ ਹੈ, ਭਾਵੇਂ ਉਹ ਪਤਰਸ ਦੇ ਬਿਆਨ ਦੇ ਬਲ ਤੇ ਚੰਗੀ ਤਰ੍ਹਾਂ ਦੇ ਨਾਲ ਕਬਜ਼ਾ ਨਹੀਂ ਸਕੇ। REB ਸੰਸਕਰਣ ਬੇਹਤਰ ਅਨੁਵਾਦ ਕਰਦਾ ਹੈ: "ਦੁੱਖ ਉਸ ਦੁੱਖ ਦੇ ਲਈ ਦਰਦ ਦਿੰਦਾ ਹੈ ਜਿਸ ਦੀ ਉਨ੍ਹਾਂ ਨੂੰ ਸਜ਼ਾ ਮਿਲੀ ਹੈ।" ਸ਼ਾਬਦਿਕ ਸਬੂਤ ਦੀ ਚਰਚਾ ਦੇ ਲਈ, ਵੇਖੋ, ਜੇ. ਐਨ. ਡੀ. ਕੈਲੀ, *ਏ ਕਮੈਂਟਰੀ ਆੱਨ ਦ ਅਪਿਸਟਲਜ਼ ਆਫ਼ ਪੀਟਰ ਐਂਡ ਆਫ਼ ਜੂਡ,* ਬਲੈਕਸ ਨਿਊ ਟੈਸਟਾਮੈਂਟ ਕਮੈਂਟਰੀਜ਼ (ਲੰਡਨ: ਐਡਮ ਐਂਡ ਚਾਰਲਸ ਬਲੈਕ, 1969), 339. [10]ਜੋਸੇਫੁਸ *ਐਂਟੀਕਿਵਿਟੀਜ਼* 1.2.2.

[11]ਫੀਲੋ *ਲਾਇਫ ਆਫ਼ ਮੋਜ਼ਜ਼* 1.283. [12]ਜੋਸੇਫੁਸ *ਵਾਰਜ਼* 6.5.3. [13]ਜੋ ਲੋਕ ਹੋਰ ਪੜ੍ਹਨਾ ਚਾਹੁੰਦੇ ਹਨ ਉਹ ਐਡਵਿਨ ਐਮ. ਯਾਮਾਓਚੀ, *ਪ੍ਰੀ-ਕ੍ਰਿਸਚੀਅਨ ਨੌਸਟਿਕਵਾਦ ਦੇ ਲਈ ਸਲਾਹ ਮਸ਼ਵਰਾ ਕਰ ਸਕਦੇ ਹਨ: ਏ ਸਰਵੇ ਆਫ਼ ਦ ਪ੍ਰੋਪੋਸਡ ਏਵੀਡੈਂਸ* (*ਗ੍ਰੈਂਡ ਰੈਪਿਡਸ, ਮਿਸ਼ੀਗਨ*: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1973); ਸਿਮੋਨ ਪੈਟਰਮੈਂਟ, *ਏ ਸੈਪਰੇਟ ਗਾੱਡ: ਦ ਉਰੀਜ਼ਨਸ ਐਂਡ ਟੀਚਿੰਗਜ਼ ਆਫ਼ ਨੋਸਟਿਕਇਜ਼ਮ,* ਅਨੁਵਾਦ. ਕਾਰਲ ਹੈਰੀਸਨ (ਸੈਨ ਫ੍ਰਾਂਸਿਸਕੋ: ਹਾਰਪਰਸਨਫ੍ਰਾਂਸਸਿਕੋ, 1984); ਕਰਟ ਰੂਡੋਲਫ, *ਆਤਮਿਕ ਗਿਆਨ: ਦ ਨੇਚਰ ਐਂਡ ਹਿਸਟਰੀ ਆਫ਼ ਨੋਸਟਿਸਿਜ਼ਮ,* ਅਨੁਵਾਦ. ਪੀ. ਡਬਲਿਯੂ. ਕੋਕਸਨ ਐਂਡ ਕੇ. ਐੱਚ. ਖੂਨ, ਸੋਧ. ਰੋਬਰਟ ਮੈੱਕਲੋਕਲਨ ਵਿਲਸਨ (ਸੈਨ ਫ੍ਰਾਂਸਿਸਕੋ: ਹਾਰਪਰ ਐਂਡ ਰੋ, ਪਬਲਿਸ਼ਰਜ਼, 1987)। [14]ਦ ਨਾਗ ਹੈਮੇਦੀ ਸਮੱਗਰੀ ਜਿਸ ਵਿਚ ਰਹੱਸਵਾਦੀ ਲਿਖਤਾਂ ਦੇ ਕੈਸ਼ ਸ਼ਾਮਲ ਹਨ 1940 ਵਿਚ ਮਿਸਰ ਵਿਚ ਲੱਭੇ। ਜਾੱਨ ਪੇਂਟਰ ਵਿਚ ਚਰਚਾ ਵੇਖੋ, *ਜਸਟ ਜੇਮਸ: ਦ ਬ੍ਰਦਰਜ਼ ਆਫ਼ ਜੀਜਸ ਇਨ ਹਿਸਟਰੀ ਐਂਡ ਟ੍ਰਾਡੀਸ਼ਨ* (ਮਿਨੀਐਪੋਲਿਸ: ਫਾੱਰਟ੍ਰਿਸ, 1999), 159–81. [15]ਜੇਮਸ ਐੱਲ ਗਾਰਲੋ ਅਤੇ ਪੀਟਰ ਜੋਨਜ਼ ਦਾ ਹਵਾਲਾ, *ਕ੍ਰੈਕਿੰਗ ਦਾ ਵਿਨਚੀਜ਼ ਕੋਰਡ* (ਕੋਲੋਰਾਡੋ ਸਪਰਿੰਗਜ਼: ਵਿਕਟਰ, 2004), 38. [16]ਡਾਂਟੇ *ਡਿਵਾਇਨ ਕਾਮੇਡੀ: ਇਨਫੈਰਨੋ* 3.